ਪ੍ਰਾਕ੍ਰਿਤ ਅਤੇ ਪੰਜਾਬੀ

ਪ੍ਰੋ: ਓਮ ਪ੍ਰਕਾਸ਼ ਕਾਹੋਲ

ਵਲੋਂ

ਲਿਖਿਆ ਗਿਆ ਨਿਬੰਧ

ਜੋ

ਭਾਸ਼ਾ ਵਿਭਾਗ ਪੰਜਾਬ

ਦੀ

ਵਾਰਸ਼ਕ ਲੇਖਕ ਗੋਸ਼ਟੀ ੧੯੫੯-੬੦

ਵਿਚ

ਪੜ੍ਹਿਆ ਗਿਆ ।

ਪ੍ਰਾਕ੍ਰਿਤ ਅਤੇ ਪੰਜਾਬੀ

ਪਹਿਲਾ ਭਾਗ : ਭਾਸ਼ਾ ਦੀ ਉਤਪੱਤੀ

ਵਿਸ਼ੇ-ਖੋਜ ਦੀ ਅਵੱਸ਼ਕਤਾ

ਪੰਜਾਬੀ ਅੱਜ ਇਕ ਉੱਨਤੀ ਦੇ ਪਥ ਤੇ ਚਲੀ ਹੋਈ ਭਾਸ਼ਾ ਹੈ, ਜਿਸ ਦੇ ਵਿਚ ਨਾ ਕੇਵਲ ਕਵਿਤਾ, ਨਾਟਕ ਤੇ ਕਹਾਣੀਆਂ ਲਿਖੀਆਂ ਜਾਣੀਆਂ ਹਨ, ਸਗੋਂ ਜਿਨੇ ਕੱਲ੍ਹ ਉਚ-ਕੋਟੀ ਦੇ ਰਾਜਨੀਤਕ, ਦਾਰਸ਼ਨਕ ਤੇ ਵਿਗਿਆਨਕ ਸਾਹਿੱਤ ਦਾ ਮਾਧਿਅਮ ਬਣਨਾ ਹੈ, ਇਸ ਕਰਕੇ ਹੁਣੇ ਹੀ ਇਸ ਦੀ ਰੂਪ-ਰੇਖਾ ਜਾਂ ਢਾਂਚਾ, ਠੀਕ ਲਾਈਨਾਂ ਤੇ ਤਿਆਰ ਕੀਤੀ ਜਾਣੀ ਚਾਹੀਦੀ ਹੈ। ਰੂਪ-ਰੇਖਾ ਨਿਯਤ ਕਰਨ ਵੇਲੇ ਸ਼ਬਦਾਂ ਦੇ ਸ਼ੁਧ ਉਚਾਰਨ, ਵਾਕਾਂ ਵਿਚ ਉਨ੍ਹਾਂ ਦਾ ਠੀਕ ਕ੍ਰਮ ਤੇ ਅਰਥ ਅਤੇ ਉਨ੍ਹਾਂ ਦੇ ਸ਼ਬਦ-ਜੋੜਾਂ ਦੇ ਵਿਸ਼ੇ ਵਿਚ ਕੁਝ ਨਿਯਮ ਨਿਸ਼ਚਤ ਕਰਨੇ ਪੈਂਦੇ ਹਨ। ਅਜੇ ਅਸੀਂ ਇਨ੍ਹਾਂ ਮੂਲਕ ਗੱਲਾਂ ਵਲ ਧਿਆਨ ਨਹੀਂ ਦਿਤਾ, ਅਤੇ ਸ਼ਬਦਾਂ ਦੇ ਅਰਥ, ਲਿੰਗ, ਵਚਨ ਤੇ ਜੋੜਾਂ ਆਦਿ ਦਾ ਨਿਰਣਾ ਕੁਝ ਮੰਨੇ ਹੋਏ- ਨਵੇਂ ਜਾਂ ਪੁਰਾਣੇ- ਲੇਖਕਾਂ ਦੀਆਂ ਲਿਖਤਾਂ, ਤੇ ਉਨ੍ਹਾਂ ਦੀਆਂ ਮਨ-ਘੜਤ ਮਨ-ਮਤੀਆਂ (Arbitrary) ਨਾਲ ਹੀ ਹੁੰਦਾ ਆਇਆ ਹੈ। ਸਾਹਿੱਤਕਾਰਾਂ ਨੇ ਅਜੇ ਕੋਈ ਸਿਧਾਂਤ ਨਹੀਂ ਘੜੇ, ਜਿਨ੍ਹਾਂ ਦੁਆਰਾ ਮੰਨੇ-ਪ੍ਰਮੰਨੇ ਲੇਖਕਾਂ ਦੀਆਂ ਰਚਨਾਵਾਂ ਵਿਚ ਭੀ ਭਾਸ਼ਾ ਦੀਆਂ ਭੁੱਲਾਂ ਢੂੰਡੀਆਂ ਜਾ ਸਕਣ, ਤੇ ਇਕ ਸੁਵਿਸਥ ਸਾਹਿਤਕ ਮਰਯਾਦਾ ਬੰਨ੍ਹੀ ਜਾ ਸਕੇ। ਭਾਸ਼ਾ ਦੇ ਸ਼ੁੱਧ ਅਸ਼ੁੱਧ ਹੋਣ ਦਾ ਨਿਰਣਾ ਨਿਸ਼ਚਤ ਨਿਯਮਾਂ ਦੇ ਅਧਾਰ ਤੇ ਹੋਣਾ ਚਾਹੀਦਾ ਹੈ, ਕੇਵਲ ਕਿਸੇ ਵਿਅਕਤੀ ਦੇ ਕਹਿਣ ਤੇ ਹੀ ਨਹੀਂ। ਉਹ ਨਿਯਮ ਕਿਵੇਂ ਲੱਭੇ ਜਾਣ? ਇਸ ਮਤਲਬ ਲਈ ਭਾਸ਼ਾ ਦੀ ਉਤਪੱਤੀ ਤੇ ਵਿਕਾਸ ਦਾ ਅਧਿਐਨ ਕਰਨਾ ਪੈਂਦਾ ਹੈ। ਕੋਈ ਵਿਅਕਤੀ ਬਿਨਾ ਸੋਚੇ-ਸਮਝੇ (off-hand) ਇਹ ਨਿਰਣਾ ਦੇਣ ਦੇ ਯੋਗ ਨਹੀਂ ਸਮਝਿਆ ਜਾ ਸਕਦਾ ਕਿ ਕਿਸੇ ਸ਼ਬਦ ਦਾ ਠੀਕ ਰੂਪ ਜਾਂ ਪ੍ਰਯੋਗ ਕੀ ਹੈ, ਤੇ ਅਸ਼ੁੱਧ ਕਿਹੜਾ ਹੈ।

ਇਕ ਦੋ ਉਦਾਹਰਣ ਲਏ ਬਿਨਾ ਕੰਮ ਨਹੀਂ ਬਣੇਗਾ। ਪੰਜਾਬ ਦੇ ਲੋਕ 'ਕੁਹਾੜਾ' ਵੀ ਆਖਦੇ ਹਨ, ਤੇ 'ਖੁਆੜਾ' ਵੀ ; 'ਘੁਮਾਰ' ਵੀ ਸੁਣਨ ਵਿਚ ਆਉਂਦਾ ਹੈ ਤੇ ਘੁਮਿਆਰ ਵੀ ; 'ਢੰਗ' ਵੀ ਚਲਦਾ ਹੈ ਤੇ 'ਖੰਬ' ਵੀ। ਕਈ ਲੋਕ ਸ਼ਬਦਾਂ ਦੇ ਇਸ ਪ੍ਰਕਾਰ ਦੋ-ਦੋ ਜਾਂ ਤਿੰਨ-ਤਿੰਨ ਰੂਪ

ਹੋਣ ਨੂੰ ਬੁਰਾ ਹੀ ਨਹੀਂ ਮੰਨਦੇ ਸਗੋਂ ਉਹ ਸ਼ਬਦਾਂ ਦੀ ਬਹੁ-ਰੂਪਤਾ ਨੂੰ ਭਾਸ਼ਾ ਦੀ ਇਕ ਵਿਸ਼ੇਸ਼ਤਾ ਗਿਣਦੇ ਹਨ। ਜੇ ਦੋਹਾਂ ਰੂਪਾਂ ਦੇ ਅਰਥਾਂ ਵਿਚ ਕੁਝ ਭਿੰਨਤਾ ਹੋਵੇ, ਤਾਂ ਸੱਚ-ਮੁੱਚ ਇਹ ਦੋ-ਰੂਪਤਾ ਇਕ ਗੁਣ ਹੈ, ਜਿਸ ਨੂੰ ਰਖਿਆ ਜਾ ਸਕਦਾ ਹੈ। ਪਰ ਸਾਡਾ ਸੰਕੇਤ ਇਸ ਵੇਲੇ ਉਨ੍ਹਾਂ ਸ਼ਬਦਾਂ ਵੱਲ ਹੈ ਜਿਨ੍ਹਾਂ ਦੇ ਦੋ-ਦੋ ਜਾਂ ਤਿੰਨ-ਤਿੰਨ ਰੂਪ, ਅਰਥ ਭੇਦ ਕਾਰਣ ਨਹੀਂ, ਸਗੋਂ ਲਾਪਰਵਾਹੀ ਜਾਂ ਢਿੱਲ ਦੇ ਕਾਰਣ ਚਲੇ ਹੋਏ ਹਨ। ਜਿਸ ਭਾਸ਼ਾ ਵਿੱਚ ਢਿੱਲਪਣ ਨੂੰ ਸਹਿਣ ਕੀਤਾ ਜਾਵੇ, ਅਤੇ ਲੋਕਾਂ ਤੇ ਕਿਸੀ ਵੀ ਪ੍ਰਕਾਰ ਦੀ ਮਰਯਾਦਾ ਦਾ ਪਾਲਨ ਕਰਨਾ ਲਾਜ਼ਮੀ ਨਾ ਕੀਤਾ ਜਾਵੇ, ਉਹ ਭਾਸ਼ਾ ਕਦੇ ਵੀ ਪ੍ਰੌੜ੍ਹ (mature) ਨਹੀਂ ਹੋਵੇਗੀ। ਪੰਜਾਬੀ ਦਾ ਸਭ ਤੋਂ ਵੱਡਾ ਗੁਣ ਹੈ ਹੀ ਇਸ ਦੀ ਪ੍ਰੌੜ੍ਹਤਾ। ਪਿਛਲੇ ਢਾਈ ਹਜ਼ਾਰ ਸਾਲਾਂ ਤੋਂ ਜਿੱਦਾਂ ਤਤਪਰਤਾ ਨਾਲ ਪੰਜਾਬੀ ਨੇ ਅਪਣੇ ਸ਼ਬਦਾਂ ਦੇ ਰੂਪਾਂ ਦੀ ਰਖਿਆ ਕੀਤੀ ਹੈ, ਤੇ ਉਨ੍ਹਾਂ ਨੂੰ ਢਿੱਲ ਦੇ ਰੋਗ ਹੱਥੋਂ ਵਿਗੜਨ ਤੋਂ ਬਚਾਇਆ ਹੈ, ਉਸ ਦੀ ਮਿਸਾਲ ਯੂਨਾਨੀ ਦੇ 'ਹੋਮਰ' ਅਤੇ ਤਾਮਿਲ ਦੇ 'ਤੁਲਕਾਪੀਅਮ' ਨੂੰ ਛੱਡ ਕੇ, ਸੰਸਾਰ ਭਰ ਦੇ ਸਾਹਿੱਤਕ ਇਤਿਹਾਸ ਵਿਚ ਸਾਨੂੰ ਹੋਰ ਕਿਧਰੇ ਵੀ ਨਸੀਂ ਦਿੱਸੀ। ਸੋ ਜਿਸ ਵੇਲੇ ਕਿਸੇ ਸ਼ਬਦ ਦੇ ਭਿੰਨ-ਭਿੰਨ ਰੂਪ ਭਾਸ਼ਾ ਦੀਆਂ ਭਿੰਨ-ਭਿੰਨ ਪੋਥੀਆਂ ਵਿਚ ਪ੍ਰਚਲਤ ਹੋਣ, ਤਾਂ ਇਹ ਠੀਕ ਨਿਸ਼ਚਾ ਕਰਨਾ ਬੜਾ ਅਵੱਸ਼ਕ ਹੁੰਦਾ ਹੈ ਕਿ ਟਕਸਾਲੀ ਭਾਸ਼ਾ ਵਿਚ ਕਿਹੜਾ ਰੂਪ ਵਰਤਿਆ ਜਾਣਾ ਹੈ ਅਤੇ ਜੇ ਇਕ ਤੋਂ ਵੱਧ ਰੂਪ ਵਰਤੋਂ ਵਿਚ ਲਿਆਉਣੇ ਹਨ ਤਾਂ ਕਿਹੜੇ ਰੂਪ ਦਾ ਕਿੱਥੇ ਪ੍ਰਯੋਗ ਕੀਤਾ ਜਾਣਾ ਹੈ। ਟਕਸਾਲੀ ਪੰਜਾਬੀ ਵਿਚ 'ਘੁਮਿਆਰ' ਠੀਕ ਸਮਝਿਆ ਜਾਵੇ ਜਾਂ 'ਘੁਮਾਰ'? 'ਬਗ਼ਲ' ਕਹਿਣਾ ਚਾਹੀਦਾ ਹੈ, ਜਾਂ 'ਕੱਛ'? ਜਿਹੜਾ ਉੱਤਰ ਅਸੀਂ ਠੀਕ ਸਮਝੀਏ, ਉਸ ਦੀ ਪੁਸ਼ਟੀ ਵਿਚ ਸਾਡੇ ਕੋਲ ਕੋਈ ਕਾਰਣ ਵੀ ਹੈ, ਜਾਂ ਅਸੀਂ ਕੇਵਲ ਅਪਣੀ ਨਿਜੀ ਰਾਏ ਦੇ ਅਧਾਰ ਤੇ ਹੀ ਗਲ ਕਰ ਰਹੇ ਹਾਂ? ਕੀ ਅਸੀਂ ਇਹ ਕਹਿ ਕੇ ਅਪਣੇ ਸਿਰੋਂ ਭਾਰ ਨਹੀਂ ਹਲਕਾ ਕਰ ਦਿੰਦੇ ਕਿ ਭਾਈ ਵੀਰ ਸਿੰਘ ਨੇ ਇਵੇਂ ਲਿਖਿਆ ਹੈ, ਜਾਂ ਪ੍ਰਿੰਸੀਪਲ ਤੇਜਾ ਸਿੰਘ ਨੇ (ਬਿਨਾਂ ਕਾਰਣ ਦੱਸੇ) ਅਮੁਕ ਰੂਪ ਨੂੰ ਠੀਕ ਮੰਨਿਆ ਹੈ। ਏਥੇ ਆ ਕੇ ਸ਼ਬਦਾਂ ਦੇ ਮੂਲ ਟੋਲਣ ਦੀ ਲੋੜ ਪੈਂਦੀ ਹੈ, ਤੇ ਇਹ ਜਾਣਨਾ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਕਿਨ੍ਹਾਂ ਹਾਲਤਾਂ ਵਿਚ ਕੋਈ ਸ਼ਬਦ ਹੋਂਦ ਵਿਚ ਆਇਆ।

(੨) ਸ਼ਬਦਾਂ ਦੇ 'ਆਡੇ' ਤੇ 'ਸਿਧੇ' ਸੰਪਰਕ

ਮਨੁੱਖਾਂ ਦੀ ਤਰ੍ਹਾਂ ਭਾਸ਼ਾਵਾਂ ਦੇ ਵੀ ਦੋ ਪ੍ਰਕਾਰ ਦੇ ਸੰਬੰਧੀ ਹੁੰਦੇ ਹਨ। ਇਕ ਤਾਂ ਉਹ, ਜਿਹੜੇ ਅੱਜ ਜੀਊਂਦੇ ਹਨ, ਅਤੇ ਆਸ-ਪਾਸ ਨੇੜੇ-ਤੇੜੇ ਦੇ ਥਾਵਾਂ ਵਿਚ ਵਸਦੇ ਹਨ। ਅਰਬੀ ਵਿਚ ਅਜੇਹੇ ਸੰਬੰਧੀਆਂ ਨੂੰ 'ਸ਼ਰੀਕ' ਅਤੇ ਅੰਗ੍ਰੇਜ਼ੀ ਵਿਚ 'ਕੋਲੇਟਰਲ' ਕਹਿੰਦੇ ਹਨ। ਪੰਜਾਬੀ ਦੇ ਇਸ ਪ੍ਰਕਾਰ ਦੇ ਸੰਬੰਧੀ ਹਿੰਦੀ, ਬੰਗਾਲੀ, ਗੁਜਰਾਤੀ, ਮਰਾਠੀ, ਨਿਪਾਲੀ, ਸਿੰਹਾਲੀ, ਉੜੀਆ, ਆਸਾਮੀ ਆਦਿ ਭਾਰਤ ਦੀਆਂ ਆਧੁਨਿਕ ਭਾਸ਼ਾਵਾਂ ਦੇ ਹਨ। ਇਨ੍ਹਾਂ ਦੇ ਆਪਸੀ ਸੰਪਰਕ ਨੂੰ ਅਸੀਂ 'ਆਡਾ' ਸੰਪਰਕ (Lateral contignity) ਆਖਾਂਗੇ। ਦੂਜੇ ਸੰਬੰਧੀ ਉਹ ਹਨ ਜਿਨ੍ਹਾਂ ਦੀ ਅਸੀਂ ਸੰਤਾਨ ਹਾਂ ਤੇ ਜਿਹੜੇ ਅੱਜ ਧਰਤੀ ਤੇ ਮੌਜੂਦ ਨਹੀਂ, ਪਰ ਜਿਨ੍ਹਾਂ ਦਾ ਨਾਂ ਅੱਜ ਵੀ ਸੰਸਾਰ ਵਿਚ ਵਜਦਾ ਹੈ।

ਪੰਜਾਬੀ ਦੇ ਇਸ ਪ੍ਰਕਾਰ ਦੇ ਸੰਬੰਧੀ ਅਪਭ੍ਰੰਸ਼, ਪ੍ਰਾਕ੍ਰਿਤ, ਤੇ ਜੇ ਤੁਸਾਂ ਨੂੰ ਆਪੱਤੀ ਨਾ ਹੋਵੇ, ਤਾਂ ਸੰਸਕ੍ਰਿਤ ਹਨ। ਇਸ ਪ੍ਰਕਾਰ ਦੇ— ਨਾਨੀ, ਮਾਂ ਤੇ ਬੇਟੀ ਵਾਂਗੂ ਦੇ – ਸੰਪਰਕ ਨੂੰ ਅਸੀਂ 'ਸਿੱਧਾ' ਸੰਪਰਕ' (vertical contignity) ਆਖਾਂਗੇ।

ਸ਼ਬਦਾਂ ਦੇ ਠੀਕ ਉੱਚਾਰਣ ਤੇ ਸ਼ਬਦ-ਜੋੜਾਂ ਦਾ ਨਿਰਣਾ ਕਰਨ ਵੇਲੇ ਸਾਨੂੰ ਉਨ੍ਹਾਂ ਦੇ ਸਿੱਧੇ ਤੇ ਆਡੇ, ਦੋਹਾਂ ਤਰ੍ਹਾਂ ਦੇ, ਸੰਪਰਕ ਦਾ ਧਿਆਨ ਰੱਖਣਾ ਚਾਹੀਦਾ ਹੈ ਅਰਥਾਤ ਸਾਨੂੰ ਵੇਖਣਾ ਚਾਹੀਦਾ ਹੈ ਕਿ ਇਕ ਸ਼ਬਦ ਕਿਸ ਤਰ੍ਹਾਂ ਹੋਂਦ ਵਿਚ ਆਇਆ ਹੈ, ਅਤੇ ਕਿਵੇਂ ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੀ ਅਵਸਥਾ ਵਿਚੋਂ ਲੰਘ ਕੇ ਵਰਤਮਾਨ ਰੂਪ ਨੂੰ ਪੁੱਜਾ ਹੈ। ਨਾਲ ਹੀ ਇਹ ਖੋਜ ਵੀ ਕਰਨੀ ਪਏਗੀ ਕਿ ਦੂਜੀਆਂ ਸੰਪਰਕਿਤ ਭਾਸ਼ਾਵਾਂ ਵਿਚ ਉਸ ਦੇ ਕੀ-ਕੀ ਰੂਪ ਹਨ। ਇੰਨੀ ਡੂੰਘੀ ਖੋਜ ਕਰਕੇ ਹੀ ਅਸੀਂ ਸ਼ਬਦਾਂ ਦੇ ਅਰਥ, ਰੂਪ ਤੇ ਉੱਚਾਰਣ ਦੇ ਸ਼ੁਧ-ਅਸ਼ੁਧ ਹੋਣ ਸੰਬੰਧੀ ਕੁਝ ਯਥਾਰਥ ਨਿਸ਼ਚਾ ਕਰ ਸਕਦੇ ਹਾਂ। ਪੰਜਾਬੀ ਦੀ ਇਸ ਸਾਮਇਕ ਲੋੜ ਨੂੰ ਅਗੇ ਰਖ ਕੇ ਹੀ ਮੈਂ ਅਜ ਪ੍ਰਾਕ੍ਰਿਤਾਂ ਤੇ ਪੰਜਾਬੀ ਦੇ ਪਰਸਪਰ ਸੰਬੰਧਾਂ ਉਤੇ ਆਪਣੀ ਖੋਜ ਦੇ ਪਰੀਣਾਮ ਤੁਹਾਡੇ ਅਧਿਐਨ ਲਈ ਪੇਸ਼ ਕਰਨ ਦਾ ਸਾਹਸ ਕਰ ਰਿਹਾ ਹਾਂ। ਮੇਰਾ ਉਦੇਸ਼ ਬੜਾ ਸੀਮਤ ਹੈ, ਅਰਥਾਤ ਪੰਜਾਬੀ ਦਾ ਪ੍ਰਾਕ੍ਰਿਤ ਨਾਲ ਸਿੱਧਾ ਸੰਪਰਕ ਦਰਸਾਉਣਾ। ਪੰਜਾਬੀ ਦੀ ਹਿੰਦੀ, ਬੰਗਾਲੀ, ਗੁਜਰਾਤੀ ਤੇ ਮਰਾਠੀ ਨਾਲ ਤੁਲਨਾ ਕਰਨਾ ਅਤੇ ਇਨ੍ਹਾਂ ਦੇ ਆਪਸੀ ਆਡੇ ਸੰਪਰਕ ਨੂੰ ਠੀਕ-ਠੀਕ ਸਮਝਣਾ ਇਕ ਅਲੱਗ ਵਿਸ਼ਾ ਹੈ। ਇਨ੍ਹਾਂ ਦੋ ਪ੍ਰਕਾਰ ਦੀਆਂ ਖੋਜਾਂ ਦੇ ਅਧਾਰ ਤੇ ਹੀ ਪੰਜਾਬੀ ਵਿਆਕਰਣਕਾਰ ਉਹ ਮੂਲਕ ਸਿਧਾਂਤ ਲੱਭ ਸਕਣਗੇ, ਜਿਨ੍ਹਾਂ ਦੀ ਕਸਵੱਟੀ ਤੇ ਸ਼ੁੱਧ ਅੱਸ਼ੁਧ ਪੰਜਾਬੀ ਦੀ ਪਰਖ ਕੀਤੀ ਜਾ ਸਕੇਗੀ।

ਅਸਾਨੂੰ ਪੂਰਾ ਆਭਾਸ ਹੈ ਕਿ ਪੰਜਾਬੀ ਦੇ ਵਰਤਮਾਨ ਕਰਣਧਾਰ ਮੇਰੀ ਗੱਲ ਸੁਣ ਕੇ ਮੇਰੇ ਨਾਲ ਛੇਤੀ ਕੀਤੇ ਸਹਿਮਤ ਨਹੀਂ ਹੋਣਗੇ। ਕਾਰਣ ਇਹ ਹੈ ਕਿ ਜਿਨ੍ਹਾਂ ਲੇਖਕਾਂ ਦੇ ਹੱਥ ਅੱਜ ਪੰਜਾਬੀ ਦੀਆਂ ਰਾਸਾਂ ਹਨ, ਉਨ੍ਹਾਂ ਵਿਚ ਅੱਖੇ-ਵੱਖੇ ਤੇ ਉਪਰ-ਹੇਠਾਂ ਦੀਆਂ ਭਾਸ਼ਾਵਾਂ ਬਾਰੇ ਜਾਣਕਾਰੀ ਬਹੁਤ ਘਟ ਹੈ। ਪੰਜਾਬੀ ਦਾ ਵਿਕਾਸ ਇਸ ਵੇਲੇ ਅਲਗ-ਥਲਗ ਦਸ਼ਾ ਵਿਚ (in isolation) ਹੋ ਰਿਹਾ ਹੈ। ਸਧਾਰਣ ਪੰਜਾਬੀ ਲੇਖਕ ਦੀ ਇਹ ਦਲੀਲ ਹੈ ਕਿ ਆਪਣੀ ਭਾਸ਼ਾ ਵਿਚ ਨਿਪੁੰਨਤਾ ਪਰਾਪਤ ਕਰਨ ਲਈ ਦੂਜੀਆਂ ਭਾਸ਼ਾਵਾਂ ਦੀ ਜਾਣਕਾਰੀ ਦੀ ਲੋੜ ਕਿਉਂ ਪਵੇ? ਜੇ ਅਸੀਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਨ ਲਈ ਵੀ ਦੂਜੀਆਂ ਭਾਸ਼ਾਵਾਂ ਤੇ ਆਸ਼ਰਿਤ ਹੋਈਏ ਤਾਂ ਉਹ ਸਾਡੀ ਆਪਣੀ ਬੋਲੀ ਕਾਹਦੀ ਹੋਈ?

ਇਸ ਸੰਸੇ ਦਾ ਨਿਵਾਰਣ ਕਰਨਾ ਔਖਾ ਨਹੀਂ। ਜਦ ਤਾਈਂ ਪੰਜਾਬੀ ਦਾ ਕੰਮ ਵੇਹੜੇ ਬੈਠੀਆਂ ਤੀਵੀਆਂ ਦੇ ਤ੍ਰਿੰਞਣਾਂ ਦੇ ਗੀਤ ਬਣਾਉਣਾ, ਫ਼ਸਲ ਦੀ ਖੇਤੀ ਵੇਖ ਕੇ ਕਿਰਸਾਨਾ ਦੇ ਚਿੱਤ ਦੀਆਂ ਉਮੰਗਾਂ ਪ੍ਰਗਟ ਕਰਨਾ, ਜਾਂ ਪਾਣੀ ਦੇ ਟਾਕੇ ਉਤੇ ਗਭਰੂ ਮੁੰਡਿਆਂ ਤੇ ਮੁਟਿਆਰ ਕੁੜੀਆਂ ਦੀ ਪ੍ਰੇਮ ਲੀਲਾ ਦਾ ਚਿਤ੍ਰਣ ਕਰਨਾ ਸੀ, ਤਦ ਤਾਈਂ ਜੋ ਕੁਝ ਸਾਡੇ ਮੂੰਹੋਂ ਨਿਕਲ ਗਿਆ, ਜਾਂ ਜੋ ਸਾਡੀ ਲਿਖਣੀ ਨੇ ਲਿਖ ਦਿਤਾ, ਸਭ ਠੀਕ ਸੀ ਪਰ ਅੱਜ ਪੰਜਾਬੀ ਰਾਹੀਂ ਆਈਨ-ਸਟਾਈਨ ਦੇ

ਅਪੇਖਿਆ-ਵਾਦ (Theory Relativity) ਤੇ ਪਲੈਂਕ ਦੇ ਉਹ ਜਾਨੂ-ਵਾਦ (Quantum Theory) ਦੀ ਵਿਆਖਿਆ ਕਰਨ ਦਾ ਕੰਮ ਸਾਡੇ ਅੱਗੇ ਪਿਆ ਹੈ। ਨਵੇਂ ਨਵੇਂ ਸੂਖਮ ਭਾਵ ਜਿਨ੍ਹਾਂ ਨਾਲ ਪੰਜਾਬੀ ਦਾ ਅੱਜ ਤੀਕਰ ਵਾਹ ਨਹੀਂ ਸੀ ਪਿਆ, ਸਾਨੂੰ ਪ੍ਰਗਟ ਕਰਨੇ ਪੈ ਰਹੇ ਹਨ। ਨਵੀਨ ਪਰੀਭਾਸ਼ਕ ਸ਼ਬਦ ਇਕ ਸੋਚੀ-ਸਮਝੀ ਯੋਜਨਾ ਦੇ ਅਨੁਸਾਰ ਘੜਨੇ ਪੈਣਗੇ। ਉਚਿਤ-ਅਨੁਚਿਤ ਤੇ ਸ਼ੁੱਧ-ਅਸ਼ੁੱਧ ਦਾ ਨਿਰਣਾ ਕਰਨ ਲਈ ਨਿਯਮ ਬਣਾਉਣੇ ਪੈਣਗੇ ਅਤੇ ਇਹ ਸਪੱਸ਼ਟ ਹੈ ਇਸ ਭਗੀਰਥ ਕਾਰਜ ਦੀ ਪੂਰਤੀ ਆਸ ਪਾਸ ਦੀਆਂ ਅਤੇ ਅਪਣੀਆਂ ਭਾਸ਼ਾਵਾਂ ਉਤੇ ਦ੍ਰਿਸ਼ਟੀ-ਪਾਤ ਕੀਤੇ ਬਿਨਾ ਸੰਭਵ ਨਹੀਂ। ਸੰਸਾਰ ਦੀ ਕੋਈ ਵੀ ਜੀਵਤ ਭਾਸ਼ਾ ਕਿਸੇ ਨਾ ਕਿਸੇ ਪ੍ਰਾਚੀਨ ਭਾਸ਼ਾ ਦਾ ਆਸਰਾ ਲਏ ਬਿਨਾ ਖੜ੍ਹੀ ਨਹੀਂ ਰਹਿ ਸਕਦੀ। ਉਰਦੂ, ਫਾਰਸੀ, ਤੁਰਕੀ ਆਦਿ ਅਰਬੀ ਤੇ ਆਸ਼ਰਿਤ ਹਨ; ਹਿੰਦੀ, ਬੰਗਾਲੀ, ਗੁਜਰਾਤੀ ਆਦਿ ਦਾ ਆਧਾਰ ਸੰਸਕ੍ਰਿਤ ਹੈ; ਅੰਗ੍ਰੇਜ਼ੀ, ਫ੍ਰੈਂਚ ਆਦਿ ਨੇ ਲਾਤੀਨੀ ਤੇ ਯੂਨਾਨੀ ਦਾ ਲੜ ਫੜਿਆ ਹੈ। ਅਸੀਂ ਵੀ ਕਿਸੇ ਬਰਾਦਰੀ ਦੇ ਮੈਂਬਰ ਕਿਉਂ ਨਾ ਬਣੀਏ? ਅਸੀਂ, ਭਾਈ-ਚਾਰੇ ਤੋਂ ਛੇਕੇ ਹੋਇਆਂ ਦੀ ਤਰ੍ਹਾਂ ਸਭ ਤੋਂ ਵੱਖਰੇ ਕਿਉਂ ਬੈਠੇ ਰਹੀਏ? ਇਸੇ ਭਾਵ ਨੂੰ ਲੈ ਕੇ ਅਸੀਂ ਇਹ ਆਖਿਆ ਸੀ ਕਿ ਪੰਜਾਬੀ ਦਾ ਇਕ ਸਿਧ-ਹਸਤ ਤੇ ਕੁਸ਼ਲ ਲੇਖਕ ਬਣਨ ਲਈ ਇਕ-ਦੋ ਸੰਪਰਕਿਤ (cognate) ਭਾਸ਼ਾਵਾਂ ਦਾ ਗਿਆਨ ਹੋਣਾ ਬੜਾ ਅਵੱਸ਼ਕ ਹੈ। ਇਨ੍ਹਾਂ ਵਿਚੋਂ ਇਕ ਤਾਂ ਭਾਰਤ ਦੀ ਕੋਈ ਆਧੁਨਿਕ ਭਾਸ਼ਾ- ਬੰਗਾਲੀ, ਮਰਾਠੀ ਆਦਿ ਹੋਵੇ, ਅਤੇ ਦੂਜੀ ਇਕ ਪ੍ਰਾਚੀਨ ਭਾਸ਼ਾ- ਸੰਸਕ੍ਰਿਤ, ਪਾਲੀ ਪ੍ਰਾਕ੍ਰਿਤ ਆਦਿ। ਨਾਲ ਇਕ ਯੂਰਪ ਦੀ ਭਾਸ਼ਾ ਨਾਲ ਪਰੀਚੈ ਹੋ ਸਕੇ ਤਾਂ ਹੋਰ ਵੀ ਚੰਗਾ ਹੈ। ਇਹ ਚੇਤੇ ਰਖਣਾ ਚਾਹੀਦਾ ਹੈ, ਕਿ ਅਸੀਂ ਪ੍ਰੌੜ੍ਹ ਲੇਖਕਾਂ ਲਈ ਯੋਗਤਾ ਦਾ ਮਾਨ-ਦੰਡ ਨਿਯਤ ਕਰ ਰਹੇ ਹਾਂ, ਆਮ-ਖਾਸ ਲਈ ਨਹੀਂ। ਬਹੁਤੀਆਂ ਬੋਲੀਆਂ ਨਾਲ ਥੋੜਾ-ਬਹੁਤ ਪਰੀਚੈ ਹੋਣ ਨਾਲ ਸਾਨੂੰ ਪੰਜਾਬੀ ਦੇ ਆਡੇ ਤੇ ਸਿੱਧੇ ਸੰਪਰਕ ਵਲਾ ਕੇ ਵੇਖਣ ਵਿਚ ਸਹਾਇਤਾ ਮਿਲੇਗੀ। ਸਾਨੂੰ ਪਤਾ ਲਗ ਜਾਵੇਗਾ ਕਿ ਕਿਉਂ 'ਘੁਮਾਰ' ਸ਼ੁਧ ਹੈ, 'ਘੁਮਿਆਰ' ਅਸ਼ੁਧ; 'ਕੁਹਾੜਾ' ਠੀਕ ਹੈ 'ਖੁਆੜਾ' ਗਲਤ, 'ਫੰਗ' 'ਖੰਬ' ਨਾਲੋਂ ਜਿਆਦਾ ਅੱਛਾ ਹੈ, ਪਰ ਦੋਨਾਂ ਤੋਂ ਵਧੀਆ 'ਪੰਖ' ਹੈ।

ਇਕ ਵਾਰੀ ਅੰਗ੍ਰੇਜ਼ੀ ਦੇ ਸ਼ਬਦ-ਜੋੜਾਂ ਵਿਚ ਸੁਧਾਰ ਕਰਨ ਲਈ ਇੰਗਲੈਂਡ ਵਿਚ ਇਕ ਲਹਿਰ ਚਲੀ। ਕੁਝ ਲੋਕਾਂ ਨੇ ਪ੍ਰਸਤਾਵ ਰਖਿਆ ਕਿ 'ਨੇਸ਼ਨ' (Nation) ਦੇ ਸ਼ਬਦ-ਜੋੜ Nashan ਹੋਣੇ ਚਾਹੀਦੇ ਹਨ; ਕਿਉਂਕਿ ਬੋਲਦੇ ਵੇਲੇ 'ਨੇਸ਼ਨ' ਕਿਹਾ ਜਾਂਦਾ ਹੈ, ਜਿਸ ਦੇ ਵਿਚ 'ਐਸ-ਐਚ' ਦੀ ਆਵਾਜ਼ ਤੇ ਹੈ, ਪਰ 'ਟੀ' ਦੀ ਕਿਧਰੇ ਨਹੀਂ। ਅੰਗ੍ਰੇਜ਼ ਜਾਤੀ ਬੜੀ ਘਮੰਡੀ ਹੈ ਅਤੇ ਇਕ ਅਲਗ-ਥਲਗ ਟਾਪੂ ਦੇ ਵਾਸੀ ਹੋਣ ਕਰਕੇ ਉਨ੍ਹਾਂ ਦੇ ਸੰਬੰਧ- ਰਾਜਨੀਤਕ ਦ੍ਰਿਸ਼ਟੀ ਤੋਂ- ਫ੍ਰਾਂਸ, ਜਰਮਨੀ ਇਟਲੀ ਆਦਿ ਦੇਸਾਂ ਨਾਲ ਕਦੇ ਵੀ ਚੰਗੇ ਨਹੀਂ ਰਹੇ। ਪਰ ਜਦ ਭਾਸ਼ਾ ਦੇ ਅੱਖਰ-ਜੋੜਾਂ ਦਾ ਸੁਧਾਰ ਕਰਨ ਦਾ ਪ੍ਰਸ਼ਨ ਆਇਆ ਅਤੇ 'Nation' ਦੇ ਥਾਂ 'Nashan' ਲਿਖਣ ਦੀ ਤਜਵੀਜ਼ ਹੋਈ, ਤਦ ਸਾਰੀ ਕੌਮ ਨੇ ਉਸ ਦਾ ਵਿਰੋਧ ਕੀਤਾ। ਉਨ੍ਹਾਂ ਦੀ ਸਭ ਤੋਂ ਵੱਡੀ ਆਪੱਤੀ ਇਹ ਸੀ ਕਿ ਅੱਖਰ-ਜੋੜ ਬਦਲਣ ਨਾਲ ਯੂਰਪੀ ਭਾਸ਼ਾਵਾਂ ਦਾ Lateral ਤੇ vertical conti-

guity, ਅਰਥਾਤ ਆੜਾ ਤੇ ਸਿੱਧਾ ਸੰਪਰਕ ਸਮਾਪਤ ਹੋ ਜਾਏਗਾ। 'Nation' ਲਿਖਣ ਨਾਲ ਇਕ ਪਾਸੇ ਤਾਂ ਅੰਗਰੇਜ਼ੀ ਦਾ ਸੰਬੰਧ ਯੂਰਪੀ ਮਹਾਦੀਪ ਦੀਆਂ ਦੂਜੀਆਂ ਵਰਤਮਾਨ ਭਾਸ਼ਾਵਾਂ, ਨਾਲ- ਜਰਮਨ, ਫ੍ਰੈਂਚ ਆਦਿ ਨਾਲ-ਬਝਿਆ ਰਹਿੰਦਾ ਹੈ ; ਤੇ ਦੂਜੇ ਪਾਸੇ ਅੰਗ੍ਰੇਜ਼ੀ ਦਾ ਰਿਸ਼ਤਾ ਆਪਣੀ ਧਰਮ ਦੀ ਮਾਂ, ਲਾਤੀਨੀ ਨਾਲ ਜੁੜਿਆ ਰਹਿੰਦਾ ਹੈ। 'Nashan' ਲਿਖਣ ਨਾਲ ਆਪਸੀ ਪ੍ਰੇਮ ਦਾ ਇਹ ਅੰਤਮ ਸੂਤ੍ਰ ਵੀ ਟੁਟ ਜਾਵੇਗਾ।

ਸੋ ਇਕ ਜੀਵਤ ਭਾਸ਼ਾ ਲਈ ਅਪਣੀਆਂ ਸੰਪਰਕਿਤ- ਨਵੀਨ ਤੇ ਪ੍ਰਾਚੀਨ- ਭਾਸ਼ਾਵਾਂ ਨਾਲ ਸੰਬੰਧ ਬਣਾ ਕੇ ਰਖਣਾ ਉਸ ਦੀ ਉਸਾਰੀ ਤੇ ਵਰਿਧੀ ਲਈ ਸਹਾਇਕ ਹੀ ਨਹੀਂ, ਪਰਮ ਅਵੱਸ਼ਕ ਹੈ ਇਸ ਪ੍ਰਸੰਗ ਵਿਚ ਇਕ ਗੱਲ ਹੋਰ-ਦੱਸ ਕੇ ਪ੍ਰਾਕ੍ਰਿਤ ਤੇ ਹੋਰ ਪੰਜਾਬੀ ਦੇ ਸੰਬੰਧ ਬਾਰੇ ਵਿਚਾਰ ਆਪਦੇ ਸਨਮੁਖ ਰਖਾਂਗਾ, ਕਿਉਂਕਿ ਉਸ ਗੱਲ ਦੀ ਚਰਚਾ ਕੀਤੇ ਬਿਨਾ ਇਸ ਗੂੜ੍ਹ ਪ੍ਰਸ਼ਨ ਦੀ ਮਹੱਤਾ, ਜਿਸ ਨੂੰ ਅਸੀਂ ਅੱਜ ਵਿਚਾਰ ਅਧੀਨ ਲਿਆਂਦਾ ਹੈ, ਸੰਦੇਹ ਤਾਂ ਵਿਚ ਬਣੀ ਰਹਿੰਦੀ ਹੈ।

ਭਾਸ਼ਾ ਦੇ ਦੋ ਮੁੱਖ ਉਦੇਸ਼

ਅਸੀਂ ਅਪਣੇ ਜੀਵਨ ਵਿੱਚ ਭਾਸ਼ਾ ਨੂੰ ਦੋ ਕੰਮਾਂ ਲਈ ਵਰਤਦੇ ਹਾਂ।

ਪ੍ਰਥਮ ਉਦੇਸ਼ :-

ਆਪਣੇ ਮਨ ਦੇ ਭਾਵ, ਵਿਚਾਰ, ਵਿਕਾਰ ਅਤੇ ਉਦਗਾਰ ਪ੍ਰਗਟ ਕਰਨ ਲਈ। ਭਾਸ਼ਾ ਦਾ ਇਹ ਪ੍ਰਯੋਗ ਸਰਵਥਾ Subjective, ਅਰਥਾਤ ਬੋਲਣ ਵਾਲੇ ਲਈ ਨਿਜੀ ਇੱਛਾ ਤੇ ਨਿਰਭਰ ਹੈ। ਇਸ ਵਿਚ ਉਸ ਦੀ ਸੁਤੰਤਰਤਾ ਅਸੀਮਤ ਹੈ। ਉਹ ਜੋ ਚਾਹੇ ਬੋਲੇ, ਜੋ ਚਾਹੇ ਲਿਖੇ, ਉਹ ਭਾਸ਼ਾ ਦਾ ਸਵਾਮੀ ਹੈ। ਜਿਨੀ ਦੇਰ ਤਕ ਕੋਈ ਸ਼ਬਦ, ਬੋਲ ਜਾਂ ਵਾਕ ਉਸ ਦੇ ਹਿਰਦੇ ਦੇ ਭਾਵ ਪ੍ਰਗਟ ਕਰਕੇ ਉਸ ਦੇ ਵਿਅਕਤਿਤਵ (Personality) ਨੂੰ ਵਿਕਸਤ ਤੇ ਵਿਅੰਜਿਤ (unfold) ਹੋਣ ਦਾ ਅਵਸਰ ਦਿੰਦਾ ਹੈ, ਸਭ ਠੀਕ ਹੈ।

ਦੂਜਾ- ਉਦੇਸ਼ :-

ਦੂਜਿਆਂ ਤਾਈਂ ਵਿਚਾਰ ਪਹੁੰਚਾਉਣ ਲਈ ਅਤੇ ਉਨ੍ਹਾਂ ਦੇ ਭਾਵ ਆਪ ਸਮਝਣ ਲਈ ਹੈ। ਏਥੇ ਆ ਕੇ ਭਾਸ਼ਾ ਇਕ ਵਿਅਕਤੀ ਦੇ ਹੱਥੋਂ ਨਿਕਲ ਕੇ ਸਮਾਜ ਦੀ ਸੰਪਤੀ ਬਣ ਜਾਂਦੀ ਹੈ। ਉਹ ਇਕ ਜਣੇ ਦੀ ਜਾਇਦਾਦ ਨਹੀਂ ਰਹਿੰਦੀ, ਬਹੁਤਿਆਂ ਦੀ ਹੋ ਜਾਂਦੀ ਹੈ। ਉਸ ਦੇ ਵਿਚ ਜਿਹੜਾ ਨਿਯਮ ਬਣੇਗਾ, ਸਭ ਦੀ ਮਾਨਤਾ ਨਾਲ ਬਣੇਗਾ ਆਪਣੀ ਆਪਣੀ ਸੁਛੰਦਤਾ ਨੂੰ ਬਹੁਤ ਅੰਸ਼ ਤਕ ਰੋਕ ਕੇ, ਸਭ ਦੇ ਮੰਨੇ ਹੋਏ ਨਿਯਮਾਂ ਤੇ ਮਰਯਾਦਾ ਦਾ ਪਾਲਨ ਕਰਨਾ ਪਏਗਾ। ਜਿਵੇਂ ਮਨੁੱਖਾਂ ਦੇ ਹੋਰ ਆਪਸੀ ਵਿਵਹਾਰ, ਕਾਨੂੰਨ ਦੇ ਅਨੁਸਾਰ ਚਲਦੇ ਹਨ ਉਂਞ ਹੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ

ਲਈ ਵਰਤੋਂ ਵਿਚ ਆਉਣ ਵਾਲੇ ਬੋਲ ਰਸਮ-ਰਿਵਾਜ ਜਾਂ ਪ੍ਰਥਾ ਦੇ ਦੁਆਰਾ, ਇਕ ਪ੍ਰਕਾਰ ਦੇ ਕਾਨੂੰਨ ਦੇ ਬੰਧਨ ਵਿਚ ਬੱਝੇ ਹੋਏ ਹੁੰਦੇ ਹਨ। ਇਨ੍ਹਾਂ ਨੂੰ ਹੀ ਵਿਆਕਰਣ ਦੇ ਨਿਯਮ ਆਖਦੇ ਹਨ। ਇਹ ਨਿਯਮ ਹੋਰ ਕਾਨੂੰਨਾਂ ਵਾਂਗ, ਬਦਲਦੇ ਰਹਿੰਦੇ ਹਨ, ਪਰ ਇਕ ਜਣੇ ਦੀ ਮਰਜ਼ੀ ਨਾਲ ਨਹੀਂ, ਸਗੋਂ ਸਰਬ-ਸੰਮਤੀ ਨਾਲ। ਜਿਤਾਂ ਹੋਰ ਕਾਨੂੰਨ ਜਨਤਾ ਦੇ ਚੁਣੇ ਹੋਏ ਪ੍ਰਤੀਨਿਧੀਆਂ ਦੀ ਸੰਮਤੀ ਨਾਲ ਹੀ ਬਣਾਏ ਤੇ ਬਦਲੇ ਜਾ ਸਕਦੇ ਹਨ, ਉਂਦਾਂ ਹੀ ਭਾਸ਼ਾ ਦੀ ਚਲੀ ਹੋਈ ਰੂੜ੍ਹੀ ਨੂੰ ਸੋਚ ਸਮਝ ਤੇ ਸੂਝ-ਬੂਝ ਵਾਲੇ ਵਿਦਵਾਨਾਂ ਦੀ ਰਾਇ ਨਾਲ ਹੀ ਪਲਟਿਆ ਜਾ ਸਕਦਾ ਹੈ। ਜਨਤਾ ਦੇ ਜਾਂ ਇਹ ਆਖੋ ਕਿ ਬਹੁਮਤ ਦੇ ਨਿਰਣੇ ਨੂੰ ਬੜੀ ਮਹੱਤਾ ਦੇਣੀ ਚਾਹੀਦੀ ਹੈ। ਪਰ ਜਿਹੜੀਆਂ ਸਮੱਸਿਆਵਾਂ ਹਨ ਹੀ ਜਨਤਾ ਦੀ ਸਮਝ ਤੋਂ ਪਰੇ, ਜਿਵੇਂ ਵਿਗਿਆਨਕ ਸ਼ਬਦ ਰਚਨਾ, ਉਨ੍ਹਾਂ ਵਿਚ ਜਨ-ਸਧਾਰਣ ਨੂੰ ਵਿਦਵਾਨਾਂ ਦਾ ਕਹਿਣਾ ਸਿਰ-ਮੱਥੇ ਤੇ ਗ੍ਰਹਿਣ ਕਰਨਾ ਚਾਹੀਦਾ ਹੈ। ਜਦ ਕਿਸੇ ਵਿਅਕਤੀ ਨੇ Integral calculus, Tensor analysis ਜਾਂ Thermo dynamics ਜੇਹੇ ਔਖੇ ਤੇ ਜਟਿਲ ਵਿਸ਼ਿਆਂ ਨੂੰ ਸਿਖ ਲਿਆ, ਤਾਂ ਇਨ੍ਹਾਂ ਦੇ ਅੰਤਰਗਤ ਭਾਵਾਂ ਨੂੰ ਪ੍ਰਗਟ ਕਰਨ ਵਾਲੇ ਸ਼ਬਦ ਸਿਖਣਾ ਉਨ੍ਹਾਂ ਲਈ ਕਠਨ ਨਹੀਂ ਹੋਵੇਗਾ। ਜਨ-ਸਧਾਰਣ ਅੱਜ intellect ਜਾਂ ਬੌਧਿਕਤਾ ਦੀ ਇਕ ਬੜੀ ਨੀਵੀਂ ਪੱਧਰ ਤੇ ਖੜ੍ਹਾ ਹੈ। ਉਸ ਦੇ ਵਿਚਾਰਾਂ ਦੀ ਬਣਤਰ ਬੜੀ ਸਰਲ ਹੈ ਤੇ ਉਹ ਸਰਲ ਭਾਸ਼ਾ ਮੰਗਦਾ ਹੈ। ਜਟਲ ਵਿਸ਼ਿਆਂ ਅਤੇ ਸੂਖਮ ਵਿਚਾਰਾਂ ਦਾ ਮਾਧਿਅਮ ਬਣਨ ਵੇਲੇ ਭਾਸ਼ਾ ਦਾ ਲੱਛੇਦਾਰ ਹੋ ਜਾਣਾ ਸੁਭਾਵਿਕ ਹੀ ਹੈ। ਹਾਂ, ਜਾਣ ਬੁੱਝ ਕੇ ਪੰਡਤਾਈ ਦਾ ਪ੍ਰਦਰਸ਼ਨ ਕਰਨ ਲਈ ਸ਼ਬਦਾਂ ਦੀ ਰਚਨਾ ਤੇ ਵਾਕਾਂ ਦੀ ਸ਼ੈਲੀ ਨੂੰ ਮਰੋੜਾ ਦੇਣਾ, ਅਤੇ ਸਿੱਧੀ ਗੱਲ ਵੀ ਵਿੰਗੀ ਕਰਕੇ ਕਹਿਣਾ, ਕਦਾਚਿਤ ਉਚਤ ਨਹੀਂ ਕਿਹਾ ਜਾ ਸਕਦਾ।

ਪੰਜਾਬੀ ਭਾਸ਼ਾ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ, ਜਿਸ ਦਾ ਵਰਣਨ ਅਸੀਂ ਪਹਿਲੇ ਵੀ ਕਰ ਆਏ ਹਾਂ, ਇਸ ਦੀ ਸਥਿਰਤਾ, Stability, ਅਰਥਾਤ ਸ਼ਬਦਾਂ ਦੇ ਰੂਪ ਤੇ ਵਾਕਾਂ ਦੀ ਬਣਤਰ ਨੂੰ ਛੋਤੀ-ਛੇਤੀ ਵਿਗੜਨ ਤੋਂ ਬਚਾ ਸਕਣ ਦੀ ਸ਼ਕਤੀ ਹੈ। ਇਹ ਹੀ ਕਾਰਣ ਹੈ ਕਿ ਪੰਜਾਬੀ ਦਾ ਸੰਬੰਧ ਅੱਜ ਤਕ ਢਾਈ ਤਿੰਨ ਹਜ਼ਾਰ ਵਰ੍ਹੇ ਪੁਰਾਣੀਆਂ ਭਾਸ਼ਾਵਾਂ ਪ੍ਰਾਕ੍ਰਿਤ, ਪਾਲੀ ਆਦਿ ਨਾਲੋਂ ਵੀ ਨਹੀਂ ਟੁੱਟਾ। ਬਣਤਰ ਵਿਚ ਇਤਨੀ ਪਕਿਆਈ ਅਤੇ ਨਿਗਰਤਾ ਹੁੰਦੇ ਹੋਏ ਵੀ ਪੰਜਾਬੀ ਦੀ ਵਿਅੰਜਕਤਾ, ਅਰਥਾਤ ਵਿਚਾਰ ਪ੍ਰਗਟ ਕਰ ਸਕਣ ਦੀ ਯੋਗਤਾ ਆਪਣੇ ਕਿਸੇ ਸਹਿਯੋਗੀ ਹਿੰਦੀ, ਬੰਗਾਲੀ ਆਦਿ ਨਾਲੋਂ ਘੱਟ ਨਹੀਂ। ਸਗੋਂ ਕਈ ਭਾਵ ਅਜੇਹੇ ਹਨ ਜਿਹੜੇ ਕੇਵਲ ਪੰਜਾਬੀ ਰਾਹੀਂ ਹੀ ਪ੍ਰਗਟਾਏ ਜਾ ਸਕਦੇ ਹਨ, ਹੋਰ ਕਿਸੇ ਤਰ੍ਹਾਂ ਨਹੀਂ। ਇਹ ਗੱਲ ਦਾ ਪ੍ਰਮਾਣ ਹੈ ਕਿ ਸ਼ਬਦਾਂ ਦੇ ਛੇਤੀ-ਛੇਤੀ ਤੋੜ ਮਰੋੜ ਕਰਨ ਨਾਲ ਜਿਵੇਂ ਕਿ ਹਿੰਦੀ ਵਿਚ ਹੁੰਦਾ ਆਇਆ ਹੈ, ਭਾਸ਼ਾ ਦਾ ਉੱਨਤ ਹੋਣਾ ਕੋਈ ਲਾਜ਼ਮੀ ਨਹੀਂ। ਪੰਜਾਬ ਦੇ ਵਾਸੀ ਪਿਛਲੇ ਘੱਟੋ-ਘੱਟ ਢਾਈ ਹਜ਼ਾਰ ਸਾਲ ਤੋਂ ਕੰਮ, ਹੱਥ ਦੁੱਧ, ਆਦਿ ਸ਼ਬਦਾਂ ਨੂੰ ਠੀਕ ਇਸੇ ਰੂਪ ਵਿਚ ਅਤੇ ਇਨ੍ਹਾਂ ਅਰਥਾਂ ਵਿਚ ਵਰਤਦੇ ਆਏ ਹਨ। ਹਿੰਦੀ, ਬੰਗਾਲੀ ਆਦਿ ਭਾਸ਼ਾਵਾਂ ਬੋਲਣ ਵਾਲਿਆ ਦੇ ਪੂਰਵਜ ਵੀ ਇਸੇ ਤਰ੍ਹਾਂ ਬੋਲਦੇ ਸਨ। ਪਰ

ਸਮੇਂ ਦੀ ਗਤੀ ਨਾਲ ਕੁਝ ਢਿੱਲ ਦੇ ਕਾਰਣ ਅਤੇ ਕੁਝ ਜਲ-ਵਾਯੂ ਦੇ ਪ੍ਰਭਾਵ ਕਰਕੇ ਉਹ ਲੋਗ ਕਿਤੇ 'ਹੱਥ' ਨੂੰ ਹਾਥ ਕਹਿਣ ਲਗ ਪਏ ਕਿਤੇ 'ਹਾਤ' ਅਤੇ ਕਿਤੇ ਹੁਣ ਮੁੜ ਕੇ 'ਹਸਤ' ਤੇ ਪੁੱਜ ਗਏ ਹਨ ਅਸੀਂ ਕਦੀ ਵੀ ਇਹ ਮੰਨਣ ਲਈ ਤਿਆਰ ਨਹੀਂ ਹਾਂ ਕਿ ਹੱਥ, ਕੰਮ, ਦੁੱਧ, ਨੱਕ, ਕੰਨ, ਪਿੱਠ. ਅੱਜ, ਅੱਖ, ਆਦਿ ਸੈਂਕੜੇ ਸ਼ਬਦਾਂ ਨੂੰ ਵਿਗਾੜ ਕੇ ਅਤੇ ਇਸ ਪ੍ਰਕਾਰ ਪਾਲੀ, ਪ੍ਰਾਕ੍ਰਿਤ ਆਦਿ ਆਪਣੀਆਂ ਪ੍ਰਾਚੀਨ ਜਨਨੀਆਂ ਨਾਲੋਂ 'ਸਿੱਧਾ ਸੰਪਰਕ' (vertical contiguity) ਤੋੜ ਕੇ ਹਿੰਦੀ ਜਾਂ ਬੰਗਾਲੀ ਨੇ ਕੋਈ ਬੜੀ ਲੱਭ ਲੱਭ ਲਈ ਹੈ ਅਤੇ ਉੱਨਤੀ ਦਾ ਮਾਰਗ ਵੇਖ ਲੀਤਾ ਹੈ! ਉਪਰ ਲਿਖਤ ਬੋਲਾਂ ਦੀ ਥਾਂ ਹਾਥ, ਕਾਮ, ਦੂਧ, ਨਾਕ, ਕਾਨ, ਪੀਠ, ਆਜ ਅਤੇ ਆਂਖ ਕਹਿਣ ਨਾਲ ਇਕ ਪ੍ਰਾਚੀਨ ਮਰਯਾਦਾ ਦਾ ਉਲੰਘਣ ਤਾਂ ਹੋ ਗਿਆ, ਪਾਲੀ ਅਤੇ ਪ੍ਰਾਕ੍ਰਿਤ ਸਾਡੇ ਵਾਸਤੇ ਪਰਾਈਆਂ ਤਾਂ ਹੋ ਗਈਆਂ, ਪਰ ਸਾਨੂੰ ਠੋਸ ਲਾਭ ਕੀ ਹੋਇਆ? ਕੁਝ ਨਹੀਂ। ਸਗੋਂ ਇਕ ਵੇਲੇ 'ਹੱਥ' ਬਾਦ ਵਿਚ 'ਹਾਥ' ਅਤੇ ਹੁਣ ਮੁੜ ਕੇ 'ਹਸਤ' ਕਹਿਣ ਨਾਲ ਬੋਲਣ ਵਾਲਿਆਂ ਦੇ ਸੁਭਾ ਦੀ ਅਸਥਿਰਤਾ ਅਤੇ ਅਪ੍ਰੌੜ੍ਹਤਾ ਝਲਕਦੀ ਹੈ। ਪੰਜਾਬੀ ਨੇ ਲੋੜ ਅਨੁਸਾਰ ਨਵੇਂ ਸਮਿਆਂ ਦੇ ਅਨੁਕੂਲ ਨਵੀਆਂ ਰੀਤੀਆਂ ਗ੍ਰਹਿਣ ਕੀਤੀਆਂ ਪਰ ਲਾਠੀ ਲੈ ਕੇ ਪੁਰਾਣੀ ਸਭਿਅਤਾ ਪੂਰਨ ਮਰਯਾਦਾ ਤੋੜਨ ਤੇ ਉਤਾਰੂ ਨਹੀਂ ਹੋਈ। ਪਾਲੀ ਅਤੇ ਪ੍ਰਾਕ੍ਰਿਤ ਦੀ ਗੰਧ ਪੰਜਾਬੀ ਦੀ ਅਪੂਰਵ ਕ੍ਰਿਤ ਸ੍ਰੀ ਗੁਰੂ ਗ੍ਰੰਥ ਵਿਚ ਪਾਈ ਜਾਂਦੀ ਹੈ ਅਤੇ 'ਸ੍ਰੀ ਗੁਰੂ ਗ੍ਰੰਥ ਦੀ ਬੰਨ੍ਹੀ ਹੋਈ ਸਾਹਿਤਕ ਮਰਯਾਦਾ ਅੱਜ ਦੀ ਪੰਜਾਬੀ ਦਾ ਮੂਲ ਅਧਾਰ ਹੈ।

ਨਵੇਂ ਜੁਗ ਦੇ ਕੁਝ ਪੰਜਾਬੀ 'ਅੱਗੇ-ਵਧੂ' ਅੰਦੋਲਨ ਤੋਂ ਪ੍ਰਭਾਵਤ ਹੋ ਕੇ ਭਾਸ਼ਾ ਦਾ ਰੂਪ ਵਧੇਰਾ ਵਿਗਾੜ ਰਹੇ ਹਨ ਅਤੇ ਪੁਰਾਣੀ ਪਰੰਪਰਾ ਤੋਂ ਖੁਲ੍ਹਮ-ਖੁਲ੍ਹਾ ਵਿਮੁਖ ਹੋ ਰਹੇ ਹਨ। "ਭਾਸ਼ਾਵਾਂ ਨਿਤ ਬਦਲਦੀਆਂ ਰਹਿਣੀਆਂ ਚਾਹੀਦੀਆਂ ਹਨ ਇਸ ਨਾਲ ਉਨ੍ਹਾਂ ਦਾ ਵਿਕਾਸ ਹੁੰਦਾ ਹੈ"। ਇਹ ਆਕਰਸ਼ਕ ਤੇ ਮੋਹਕ ਨਾਹਰਾ ਉਨ੍ਹਾਂ ਨੂੰ ਅੱਜ ਪ੍ਰੇਰਤ ਕਰ ਰਿਹਾ ਹੈ। ਭਾਸ਼ਾਵਾਂ ਵਿਚ ਪਰੀਵਰਤਨ ਹੋਣਾ ਚਾਹੀਦਾ ਹੈ ਅਸੀਂ ਮੰਨਦੇ ਹਾਂ। ਪਰ ਉਹ ਪਰੀਵਰਤਨ ਸ਼ਿਥਲਤਾ ਅਤੇ ਢਿੱਲ ਵਸ ਨਹੀਂ, ਸਗੋਂ ਵਿਗਿਆਨਕ ਦ੍ਰਿਸ਼ਟੀ ਨਾਲ; ਉਸ ਦੀ ਜਟਲਤਾ ਘਟਾਉਣ ਲਈ ਅਤੇ ਉੱਚੇ ਤੇ ਸੂਖਮ ਵਿਚਾਰ ਨਿਰਭ੍ਰਾਂਤ ਰੂਪ ਨਾਲ (without ambiguity) ਪ੍ਰਗਟ ਕਰਨ ਦੀ ਸ਼ਕਤੀ ਵਧਾਉਣ ਲਈ 'ਕੰਮ' ਨੂੰ 'ਕਾਮ' ਕਹਿ ਕੇ ਸਮਝ ਲੈਣਾ ਕਿ ਅਸੀਂ ਉੱਨਤੀ ਦੀਆਂ ਕੋਈ ਉੱਚੀਆਂ ਮੰਜ਼ਲਾਂ ਤੈ ਕਰ ਲਈਆਂ ਹਨ, ਇਕ ਭੁੱਲ ਹੈ। 'ਪੰਖ' ਦੇ ਥਾਂ 'ਖੰਭ' ਕਹਿਣਾ ਢਿੱਲ ਜਾਂ ਅਗਿਆਨ ਦਾ ਸੂਚਕ ਹੈ, ਉੱਨਤੀ ਜਾਂ ਵਿਕਾਸ ਦਾ ਨਹੀਂ।

ਉੱਨਤ ਅਤੇ ਅਣਉੱਨਤ ਭਾਸ਼ਾਵਾਂ

ਜਿਨ੍ਹਾਂ ਜਾਤੀਆਂ ਨੇ ਅਪਣੇ ਅਤੀਤ ਕਾਲ ਨਾਲੋਂ ਤਿਨਕਾ ਤੋੜ ਲਿਆ ਹੈ, ਅਤੇ ਸਾਨੂੰ ਇਹ

ਪਾਠ ਪੜ੍ਹਾਇਆ ਹੈ ਕਿ ਭਾਸ਼ਾ ਨੂੰ ਛੇਤੀ-ਛੇਤੀ ਬਦਲਦੇ ਰਹਿਣਾ ਚਾਹੀਦਾ ਹੈ ਜਿਵੇਂ– ਅੰਗ੍ਰੇਜ਼ਾਂ ਜਾਂ ਰੂਸੀ- ਉਨ੍ਹਾਂ ਦਾ ਕੋਈ ਪ੍ਰਾਚੀਨ ਕਾਲ ਹੈ ਹੀ ਨਹੀਂ, ਕਿ ਜਿਸਦੇ ਉੱਤੇ ਉਨ੍ਹਾਂ ਨੂੰ ਮਾਨ ਹੋਵੇ। ਅੰਗ੍ਰੇਜ਼ੀ ਬੋਲੀ ਨੇ ਅਜੇ ਕਲ੍ਹ, ਜਨਮ ਲਿਆ ਹੈ ਤੇ ਉਸ ਦੇ ਵਿਚ ਇਕ ਵੀ ਸ਼ਬਦ ਅਜੇਹਾ ਨਹੀਂ ਜਿਸ ਦਾ ਵਰਤਮਾਨ ਰੂਪ ਇਕ ਹਜ਼ਾਰ ਸਾਲ ਤੋਂ ਪੁਰਾਣਾ ਹੋਵੇ। ਅੱਜ ਦੇ ਅੰਗ੍ਰੇਜ਼ਾਂ ਦਾ ਅਪਣੇ ਦੋ ਹਜ਼ਾਰ ਸਾਲ ਪੁਰਾਣੇ ਪੂਰਵਜ ਨਾਲ ਕੋਈ ਧਾਰਮਕ, ਸਭਿਆਚਾਰਕ ਅਥਵਾ ਸਾਹਿੱਤਕ ਸੰਬੰਧ ਨਹੀਂ ਹੈ। ਉਨ੍ਹਾਂ ਦੀ ਵੰਸ਼ਾਵਲੀ ਸਮੇਂ ਸਮੇਂ ਤੇ ਟੁਟਦੀ ਰਹੀ ਹੈ ; ਅੱਜ ਦੇ ਇਕ ਅੰਗ੍ਰੇਜ਼ ਦਾ ਦੋ ਹਜ਼ਾਰ ਸਾਲ ਪੁਰਾਣਾ ਕੋਈ ਪੁਰਖਾ ਅਪਣੇ ਟੱਬਰ ਜਾਂ ਵਾਰ ਪਰਵਾਰ ਵਿਚ ਆ ਕੇ ਬੈਠ ਜਾਵੇ, ਤਾਂ Milk, eye, nose, ear, hand, head ਅਤੇ back ਜੇਹੇ ਸਧਾਰਣ ਸ਼ਬਦ ਵੀ ਸਮਝ ਨਹੀਂ ਸਕੇਗਾ। ਪਰ ਜੇ ਮਹਾਰਾਜ ਅਸ਼ੋਕ ਅੱਜ ਵੀ ਪੰਜਾਬ ਦੀ ਧਰਮ ਭੂਮੀ ਦੀ ਯਾਤਰਾ ਕਰਨ ਲਈ ਸਵਰਗ ਤੋਂ ਮੁੜ ਕੇ ਆਉਣ, ਤਾਂ ਸਾਡੇ ਘਰਾਂ ਵਿਚ ਆ ਕੇ ਉਨ੍ਹਾਂ ਨੂੰ ਦੁੱਧ, ਅੱਖ, ਨੱਕ, ਕੱਨ, ਹੱਥ, ਸਿਰ ਅਤੇ ਪਿੱਠ ਆਦਿ ਸ਼ਬਦ ਸਮਝਣ ਵਿਚ ਤਨਿਕ ਵੀ ਔਖ ਨਹੀਂ ਹੋਵੇਗੀ। ਸਾਡਾ 'ਸਿੱਧਾ ਸੰਪਰਕ' ਅੱਜ ਦਿਨ ਤਾਈਂ ਉਨ੍ਹਾਂ ਨਾਲ ਭਾਸ਼ਾ ਦੁਆਰਾ ਬਣਿਆ ਹੋਇਆ ਹੈ। ਦੂਜੀਆਂ ਜਾਤੀਆਂ ਨੂੰ ਸਾਡੀ ਕੁਲ-ਪਰੰਪਰਾ ਵੇਖ ਕੇ ਅਚਰਜ , ਡਾਹ ਕੇ ਈਰਖਾ ਹੁੰਦੀ ਹੈ, ਅਤੇ ਸਾਡੀ ਇਸ ਪੁਰਾਣੀ ਕੁਲੀਨਤਾ ਨੂੰ ਛਿਨ-ਭਿੰਨ ਕਰਨ ਲਈ ਸਾਨੂੰ ਇਹ ਪਾਠ ਪੜ੍ਹਾਇਆ ਜਾ ਰਿਹਾ ਹੈ ਕਿ ਭਾਸ਼ਾਵਾਂ ਦੇ ਉੱਨਤ ਥਾਂ ਅਗਾਂਹ ਵਧੂ (Progressive) ਹੋਣ ਦਾ ਇਕ ਮਾਤਰ ਲੱਛਣ ਉਨ੍ਹਾਂ ਦਾ ਛੇਤੀ-ਛੇਤੀ ਰੂਪ ਬਦਲਣਾ ਹੈ।

ਅੰਗ੍ਰੇਜ਼ੀ ਨੇ ਜਿਸ ਦਿਨ ਤੋਂ ਪ੍ਰੌੜ੍ਹਤਾ ਪ੍ਰਾਪਤ ਕੀਤੀ ਹੈ, ਇਸ ਦੇ ਰੂਪ ਤੇ ਸ਼ੈਲੀ ਵਿਚ ਸਥਿਰਤਾ ਗਈ ਹੈ। ਇਸ ਦਾ ਵਿਕਾਸ ਹੋ ਰਿਹਾ ਹੈ, ਪਰ ਮੂਲਕ ਢਾਂਚਾ ਕਾਇਮ ਹੈ। ਪਿਛਲੇ ਪੰਜ ਸੌ ਵਰ੍ਹਿਆਂ ਵਿਚ ਅੰਗ੍ਰੇਜ਼ੀ ਦਾ ਸ਼ਬਦ ਭੰਡਾਰ– ਵਿਗਿਆਨਕ ਕ੍ਰਾਂਤੀ ਦੇ ਕਾਰਣ– ਕਈ ਗੁਣਾ ਵਧ ਗਿਆ ਹੈ ਪਰ ਇਸ ਦੇ ਢਾਂਚੇ ਵਿਚ ਇੰਨਾ ਪਰੀਵਰਤਨ ਨਹੀਂ ਆਇਆ, ਜਿੰਨਾ ਉਸ ਤੋਂ ਪਹਿਲੇ ਦੋ-ਦੋ ਸੌ ਸਾਲਾਂ ਵਿਚ ਹੁੰਦਾ ਰਿਹਾ ਹੈ। ਅਸੀਂ ਅੱਜ ਸ਼ੈਕਸਪੀਅਰ ਨੂੰ ਬਿਨਾ ਕਠਨਾਈ ਦੇ ਸਮਝ ਲੈਂਦੇ ਹਾਂ ਪਰ ਉਸ ਤੋਂ ਤਿੰਨ-ਚਾਰ ਸੌ ਸਾਲ ਪੁਰਾਣੀ ਕੋਈ ਅੰਗ੍ਰੇਜ਼ੀ ਲਿਖਤ ਸਾਡੀ ਸਮਝ ਵਿਚ ਨਹੀਂ ਆ ਸਕਦੀ।

ਕੁਰਾਨ ਦੇ ਲਿਖੇ ਜਾਣ ਤੋਂ ਬਾਦ ਅਰਬੀ ਵਿਚ ਸਥਿਰਤਾ ਆਈ ਹੈ ਅਤੇ ਅਰਬਾਂ ਨੇ ਹੀ ਫਾਰਸੀ ਨੂੰ ਅਰਬੀ-ਲਿਪੀ ਦੇ ਕਪੜੇ ਪੁਆ ਕੇ ਨਿੱਤ-ਨਿੱਤ ਵਿਗੜਨ ਤੋਂ ਬਚਾਇਆ। ਇਸਲਾਮ ਤੋਂ ਪਹਿਲੇ ਅਰਬੀ ਅਤੇ ਫਾਰਸੀ, ਤੇ ਨਾਰਮਨ ਲੋਕਾਂ ਦਾ ਹੱਥ ਫਿਰਨ ਤੋਂ ਪਹਿਲੇ ਅੰਗ੍ਰੇਜ਼ੀ ਭਾਸ਼ਾ ਜੰਗਲੀ ਦਸ਼ਾ ਵਿਚ ਸਨ ਜਿਨ੍ਹਾਂ ਵਿਚ ਨਾ ਕੋਈ ਸਥਿਰਤਾ ਸੀ ਨਾ ਵਿਵਸਥਾ। ਉਨ੍ਹਾਂ ਦੇ ਰੂਪ ਥਾਂ-ਥਾਂ ਤੇ ਵੱਖੋ ਵੱਖ ਸਨ ਤੇ ਸਮੇਂ ਸਮੇਂ ਤੇ ਬਦਲਦੇ ਰਹਿੰਦੇ ਸਨ। ਅੱਜ ਵੀ ਅਫਰੀਕਾ ਦੇ ਜੰਗਲੀ ਹਬਸ਼ੀਆਂ ਦੀਆਂ

ਬੋਲੀਆਂ ਦੀ ਇਹ ਹੀ ਦਸ਼ਾ ਹੈ। ਉਹ ਇਸ ਰਫ਼ਤਾਰ ਨਾਲ ਬਦਲਦੀਆਂ ਹਨ ਕਿ ਇਕ ਸੌ ਸਾਲ ਪਹਿਲੇ ਬਾਈਬਲ ਦਾ ਜਿਹੜਾ ਅਨੁਵਾਦ ਉਨ੍ਹਾਂ ਵਿਚ ਚਲਦਾ ਸੀ, ਅੱਜ ਉਨ੍ਹਾਂ ਦੀ ਸਮਝ ਤੋਂ ਪਰੇ ਹੈ।

ਇਸ ਲੰਮੀ ਚੌੜੀ ਵਿਆਖਿਆ ਦਾ ਪ੍ਰਯੋਜਨ ਇਹ ਸਿੱਧ ਕਰਨਾ ਹੈ ਕਿ ਭਾਸ਼ਾ ਦੇ ਪ੍ਰੌੜ੍ਹ ਪਰਪੱਕ ਤੇ ਉੱਨਤ ਹੋਣ ਦਾ ਇਕ ਵੱਡਾ ਚਿੰਨ੍ਹ ਸ਼ਬਦਾਂ ਦੇ ਰੂਪਾਂ ਦੀ ਸਥਿਰਤਾ ਹੈ। ਪੰਜਾਬੀ ਦਾ ਸ਼ਬਦ ਭੰਡਾਰ ਵਾਹੀ ਤਿੰਨ ਹਜ਼ਾਰ ਸਾਲ ਤੋਂ ਇੰਨਾ ਸਥਿਰ ਰਿਹਾ ਹੈ, ਕਿ ਅਸੀਂ ਜੇ ਪੰਜਾਬੀ ਨੂੰ ਆਧੁਨਿਕ ਪ੍ਰਾਕ੍ਰਿਤ ਕਹਿ ਦੇਈਏ ਤਾਂ ਅਨੁਚਿਤ ਨਹੀਂ ਹੋਵੇਗਾ। ਪਿਛਲੇ ਕੁਝ ਸਾਲਾਂ ਤੋਂ ਪੁਰਾਣੇ ਸ਼ਬਦਾਂ ਦਾ ਉੱਚਾਰਣ ਵਿਗਾੜ ਕੇ ਉਨ੍ਹਾਂ ਨੂੰ ਨਵੇਂ ਢੰਗ ਨਾਲ ਬੋਲਣ ਤੇ ਲਿਖਣ ਦੀ ਰੀਤ ਕੁਝ ਇੰਨੀ ਵਧ ਗਈ ਹੈ ਕਿ ਸਾਨੂੰ ਡਰ ਹੈ ਕਿ ਪੰਜਾਬੀ ਦੀ ਜਿਹੜੀ ਸਭ ਤੋਂ ਵੱਡੀ ਵਿਸ਼ੇਸ਼ਤਾ ਸੀ ਅਰਥਾਤ ਪੰਜਾਬੀ ਦਾ ਪੁਰਾਣੀ ਭਾਸ਼ਾਵਾਂ ਨਾਲ ਸੰਬੰਧ ਤੇ ਸਾਦ੍ਰਿਸ਼, ਉਹ ਛੇਤੀ ਹੀ ਲੁਪਤ ਹੋ ਜਾਏਗੀ। ਜੇ ਬੋਲਣ ਤੇ ਲਿਖਣ ਦੇ ਵਿਸ਼ੇ ਵਿਚ ਅਸੀਂ ਇਕੱਠੇ ਬੈਠ ਕੇ ਕੋਈ ਦ੍ਰਿੜ੍ਹ ਨਿਯਮ ਨਾ ਬਣਾਏ ਤਾਂ ਨਵੀਂ ਪੰਜਾਬੀ ਪੁਰਾਣੀ ਪੰਜਾਬੀ ਤੋਂ ਇੰਨੀ ਦੂਰ ਹੋ ਜਾਏਗੀ ਕਿ ਸੌ ਸਾਲ ਬਾਦ 'ਸ੍ਰੀ ਗੁਰੂ ਗ੍ਰੰਥ' ਦੀ ਭਾਸ਼ਾ ਵੀ ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਵਾਂਗ dead ਜਾਂ 'ਮੋਈ ਹੋਈ' ਹੋ ਜਾਏਗੀ, ਜਿਸ ਨੂੰ ਸਿਖਾਉਣ ਲਈ ਧਰਮ-ਸਭਾਨਾਂ ਤੇ ਉਚੇਚੀਆਂ ਕਲਾਸਾਂ ਲੱਗੀਆਂ ਪਿਆ ਕਰਨਗੀਆਂ। 'ਪੰਖ' ਦੀ ਥਾਂ 'ਖੰਭ' 'ਕੁਹਾੜਾ' ਦੀ ਥਾਂ 'ਖੁਆੜਾ' 'ਘੁਮਾਰ' ਦੀ ਥਾਂ 'ਘੁਮਿਆਰ, ਅਤੇ 'ਜੇ' ਦੀ ਥਾਂ 'ਅਗਰ' ਲਿਖਣਾ ਪੰਜਾਬੀ ਦੀ ਪੁਰਾਣੀ ਮਰਯਾਦਾ ਨੂੰ ਭੰਗ ਕਰਨਾ ਹੈ।

ਦੂਜਾ ਭਾਗ: ਪ੍ਰਾਕ੍ਰਿਤ ਕੀ ਹੈ ?

ਉੱਤਰੀ ਭਾਰਤ ਦੀਆਂ ਭਾਸ਼ਾਵਾਂ ਹਿੰਦੀ, ਪੰਜਾਬੀ, ਬੰਗਾਲੀ, ਮਰਾਠੀ ਆਦਿ ਦੇ ਪਿਛਲੇ ਸਮਿਆਂ ਦੇ ਨਮੂਨੇ ਇਕੱਠੇ ਕੀਤੇ ਜਾਣ ਤਾਂ ਪਤਾ ਚਲਦਾ ਹੈ ਕਿ ਜਿਉਂ-ਜਿਉਂ ਅਸੀਂ ਪਿਛਾਂਹ ਜਾਈਏ, ਤਿਉਂ ਤਿਉਂ ਕੋਈ ਵੀਹ-ਪੰਝੀ ਭਾਸ਼ਾਵਾਂ ਵਿਚੋਂ ਕੇਵਲ ਦਸ-ਬਾਰਾਂ ਰਹਿ ਜਾਂਦੀਆਂ ਹਨ। ਬਾਕੀ ਨਾਲ-ਨਾਲ ਦੀਆਂ ਵਿਚ ਖਪਤ ਹੋ ਜਾਂਦੀਆਂ ਹਨ। ਇਨ੍ਹਾਂ ਨੂੰ 'ਅਪਭ੍ਰੰਸ਼' ਆਖਦੇ ਹਨ। ਹੋਰ ਪਿਛਾਂਹ ਜਾਈਏ ਤਾਂ ਵੀ ਪੰਜ-ਛੇ ਸਮੂਹਾਂ ਵਿਚ ਬਣ ਕੇ ਰਹਿ ਜਾਂਦੀਆਂ ਹਨ। ਇਹ ਜਿਹੜੀਆਂ ਪੰਜ ਛੇ ਭਾਸ਼ਾਵਾਂ, ਜਿਨ੍ਹਾਂ ਤੋਂ ਅਪਭ੍ਰੰਸ਼, ਅਤੇ ਬਾਦ ਵਿਚ ਆਧੁਨਿਕ ਭਾਸ਼ਾਵਾਂ ਦਾ ਨਿਕਾਸ ਹੋਇਆ, 'ਪ੍ਰਾਕ੍ਰਿਤ, ਕਹਾਉਂਦੀਆਂ ਹਨ। ਇਨ੍ਹਾਂ ਦਾ ਕਾਲ ਈਸਾ ਦੇ ਪੰਜ ਸੌ ਸਾਲ ਪਹਿਲੇ ਤੋਂ ਲੈ ਕੇ ਕੋਈ ਪੰਜ-ਛੇ ਸੌ ਸਾਲ ਬਾਦ ਤਕ ਦਾ ਕਿਹਾ ਜਾ ਸਕਦਾ ਹੈ।

ਪ੍ਰਾਕ੍ਰਿਤਾਂ ਕਈ ਸਨ। ਮੋਟੀ ਤਰ੍ਹਾਂ ਇਵ ਸਮਝੋ ਕਿ ਪੂਰਵ ਦੀ ਪ੍ਰਾਕ੍ਰਿਤ 'ਮਾਗਧੀ, ਉੱਤਰ ਦੀ ਪੈਸ਼ਾਚੀ, ਦੱਖਣ-ਪੱਛਮ ਦੀ ਮਹਾਰਾਸ਼ਟ੍ਰੀ ਅਤੇ ਵਿਚਕਾਰ ਦੇ ਭਾਗ ਦੀ ਸੌਰਸੇਨੀ ਸੀ। ਇਨ੍ਹਾਂ ਤੋਂ ਹੀ ਬੰਗਾਲੀ, ਪੰਜਾਬੀ, ਮਰਾਠੀ, ਆਦਿ ਨੇ ਜਨਮ ਲਿਆ। ਕਾਲੀਦਾਸ ਆਦਿ ਕਵੀਆਂ ਦੇ

ਨਾਟਕਾਂ ਵਿਚ ਪੜ੍ਹੇ ਲਿਖੇ ਆਦਮੀ ਸਭ ਸੰਸਕ੍ਰਿਤ ਬੋਲਦੇ ਵਿਖਾਏ ਗਏ ਹਨ, ਪਰ ਇਸਤ੍ਰੀਆਂ ਘਟੀਆ ਕਰਮ-ਚਾਰੀਆਂ ਤੇ ਸ਼ੂਦ੍ਰਾਂ ਦੇ ਮੂਹੋਂ ਪ੍ਰਾਕ੍ਰਿਤ ਅਖਵਾਈ ਗਈ ਹੈ। ਵੈਸੇ ਹਰ ਇਕ ਪ੍ਰਾਕ੍ਰਿਤ ਦਾ ਅਪਣਾ ਅਪਣਾ ਵਖਰਾ ਪ੍ਰਦੇਸ਼ ਸੀ, ਪਰ ਸਾਹਿੱਤਕ ਗ੍ਰੰਥਾਂ ਵਿਚ ਦੋ-ਦੋ ਤਿੰਨ-ਤਿੰਨ ਪ੍ਰਾਕ੍ਰਿਤਾਂ ਦਾ ਪ੍ਰਯੋਗ ਇੱਕੋ ਲੇਖਕ ਦੁਆਰਾ ਕੀਤਾ ਮਿਲਦਾ ਹੈ। ਆਮ ਤੌਰ ਤੇ, ਕਵਿਤਾਵਾਂ ਤੇ ਗੀਤ ਆਦਿ ਮਹਾਰਾਸ਼ਟ੍ਰੀ ਪ੍ਰਾਕ੍ਰਿਤ ਵਿਚ ਹੁੰਦੇ ਹਨ ; ਬੋਲ ਚਾਲ ਦੀ ਭਾਸ਼ਾ ਅਧਿਕਤਰ ਸ਼ੌਰਸੇਨੀ ਹੈ ਅਤੇ ਸਮਾਜ ਦੇ ਹੇਠਲੇ ਵਰਗ ਦੇ ਲੋਕਾਂ ਦੀ ਬੋਲੀ ਮਾਗਧੀ ਹੈ। ਇਨ੍ਹਾਂ ਪ੍ਰਾਕ੍ਰਿਤਾਂ ਦਾ ਆਪਸੀ ਭੇਦ ਥੋੜ੍ਹਾ ਹੀ ਹੈ ਜਿਵੇਂ ਇਕ ਭਾਸ਼ਾ ਦੀਆਂ ਭਿੰਨ-ਭਿੰਨ ਉਪ ਭਾਸ਼ਾਵਾਂ ਦਾ ਹੋਵੇ ਅਤੇ ਉਨ੍ਹਾਂ ਦੇ ਬੋਲਣ ਵਾਲੇ ਇਕ ਦੂਸਰੇ ਨੂੰ ਅਸਾਨੀ ਨਾਲ ਸਮਝ ਲੈਂਦੇ ਹੋਣ।

ਇਨ੍ਹਾਂ ਪ੍ਰਾਕ੍ਰਿਤਾਂ ਦੀ ਸੰਸਕ੍ਰਿਤ ਨਾਲ ਤੁਲਨਾ ਕਰਨ ਤੋਂ ਪਤਾ ਚਲਦਾ ਹੈ ਕਿ ਅੱਜ ਤੋਂ ਡੇਢ ਹਜ਼ਾਰ ਤੋਂ ਢਾਈ ਹਜ਼ਾਰ ਸਾਲ ਪਹਿਲੇ ਦੇ ਸਮੇਂ ਵਿਚ ਸੰਸਕ੍ਰਿਤ ਇਕ ਪ੍ਰਕਾਰ ਦੀ ਰਾਸ਼ਟਰ ਭਾਸ਼ਾ ਸੀ; ਲੋਕ ਇਸ ਨੂੰ ਬੋਲਦੇ ਨਹੀਂ ਸਨ ਪਰ ਸਮਝ ਲੈਂਦੇ ਸਨ। ਪ੍ਰਾਕ੍ਰਿਤਾਂ ਉਸ ਵੇਲੇ ਦੀਆਂ ਪ੍ਰਾਂਤਕ ਜਾਂ 'ਲੋਕਲ' ਭਾਸ਼ਾਵਾਂ ਸਨ। ਸਾਹਿੱਤ ਵਿਚ ਦੋਵੇਂ ਚਲਦੀਆਂ ਸਨ, ਸੰਸਕ੍ਰਿਤ ਵੀ ਤੇ ਪ੍ਰਾਕ੍ਰਿਤ ਵੀ। ਪੁਰਾਣੀ ਤੋਂ ਪੁਰਾਣੀ ਪ੍ਰਾਕ੍ਰਿਤ, ਜਿਸ ਦੇ ਨਮੂਨੇ ਮਹਾਰਾਜ ਅਸ਼ੋਕ ਦੀਆਂ ਧਰਮ-ਲਿਪੀਆਂ ਤੋਂ, ਅਤੇ ਬੁੱਧ-ਮਤ ਦੇ ਧਰਮ ਦੇ ਧਰਮ ਗ੍ਰੰਥਾਂ ਤੋਂ ਮਿਲਦੇ ਹਨ 'ਪਾਲੀ' ਕਹਾਉਂਦੀਆ ਹੈ। ਭਿੰਨ-ਭਿੰਨ ਪ੍ਰਾਕ੍ਰਿਤਾਂ ਦੇ ਨਮੂਨਿਆਂ ਦੀ ਤੁਲਨਾ ਕੀਤੀ ਜਾਵੇ, ਤਾਂ ਜਿਉਂ ਜਿਉਂ ਉਹ ਪੁਰਾਣੀਆਂ ਹੁੰਦੀਆ ਹਨ, ਤਿਉਂ ਤਿਉਂ ਉਨ੍ਹਾਂ ਦਾ ਆਪਸੀ ਭੇਦ ਘਟਦਾ ਪ੍ਰਤੀਤ ਹੁੰਦਾ ਹੈ ਅਤੇ ਉਹ ਸਭ ਸੰਸਕ੍ਰਿਤ ਦੇ ਨੇੜੇ ਪੁਜਦੀਆਂ ਜਾਪਦੀਆ ਹਨ। ਕੀ ਸਭ ਪ੍ਰਾਕ੍ਰਿਤਾਂ ਸੰਸਕ੍ਰਿਤ ਤੋਂ ਵਿਗੜ ਕੇ ਬਣੀਆਂ ਹਨ, ਜਾਂ ਇਨ੍ਹਾਂ ਨੂੰ ਕ੍ਰਿਤ੍ਰਿਮ ਰੂਪ ਨਾਲ ਸਵਾਰ ਕੇ ਸੰਸਕ੍ਰਿਤ ਦੀ ਰਚਨਾ ਕੀਤੀ ਗਈ, ਜਾਂ ਫੇਰ ਇਨ੍ਹਾਂ ਸਾਰੀਆਂ ਦਾ ਮੁੱਢ ਕੋਈ ਹੋਰ ਭਾਸ਼ਾ ਸੀ, ਜਿਸ ਨੂੰ ਸੋਧ ਕੇ ਸੰਸਕ੍ਰਿਤ ਦਾ ਰੂਪ ਦਿੱਤਾ ਗਿਆ, ਇਹ ਸਮੱਸਿਆ ਅੱਜ ਤਕ ਸੁਲਝਾਈ ਨਹੀਂ ਜਾ ਸਕੀ। ਪੁਰਾਣੀ ਫ਼ਾਰਸੀ, ਲਾਤੀਨੀ ਯੂਨਾਨੀ ਅਤੇ ਪਾਲੀ ਦਾ ਤੁਲਨਾਤਮਕ ਅਧਿਐਨ ਕਰਨ ਤੋਂ ਕੇਵਲ ਇਕ ਗੱਲ ਪੱਲੇ ਪੈਂਦੀ ਹੈ। ਉਹ ਇਹ, ਕਿ ਪ੍ਰਾਕ੍ਰਿਤਾਂ ਦੀ ਜਨਨੀ ਜੇ ਸੰਸਕ੍ਰਿਤ ਨਹੀਂ, ਤਾਂ ਸੰਸਕ੍ਰਿਤ ਨਾਲ ਕੋਈ ਮਿਲਦੀ ਜੁਲਦੀ ਭਾਸ਼ਾ ਸੀ।

ਅੱਜ ਦੇ ਵਿਚਾਰ ਅਧੀਨ ਵਿਸ਼ੇ ਲਈ ਸਾਨੂੰ ਸੰਸਕ੍ਰਿਤ ਦੀ ਉਤਪੱਤੀ ਜਾਣਨ ਦੀ ਲੋੜ ਨਹੀਂ। ਅਸੀਂ ਪੰਜਾਬੀ ਦਾ ਸੰਬੰਧ ਕੇਵਲ ਪਾਲੀ ਤਕ ਲੈ ਜਾਵਾਂਗੇ। ਹਾਂ ਜਿੱਥੇ ਕਿਤੇ ਪੰਜਾਬੀ ਵਿਚ ਕੁਝ ਅਜੇਹਾ ਅੰਸ਼ ਦਿਸੇਗਾ ਜਿਹੜਾ ਪਾਲੀ ਵਿਚ ਵੀ ਲੁਪਤ ਹੋ ਗਿਆ ਸੀ ਅਤੇ ਸੰਸਕ੍ਰਿਤ ਵਿਚ ਹੀ ਪਾਇਆ ਜਾਂਦਾ ਹੈ, ਉਸ ਦਾ ਵਰਣਨ ਅਸੀਂ ਅਵੱਸ਼ ਕਰਾਂਗੇ। ਇਕ ਉਦਾਹਰਣ ਨਾਲ ਇਹ ਗੱਲ ਸਪਸ਼ਟ ਹੋ ਜਾਏਗੀ।

ਸੰਸਕ੍ਰਿਤ ਵਿਚ 'ਬੇਟੇ' ਨੂੰ ਪੁਤ੍ਰ ਆਖਦੇ ਹਨ, ਜਿਸ ਦਾ ਅਰਥ ਹੈ 'ਪਾਪ ਤੋਂ ਛੁਟਕਾਰਾ ਦਿਲਾਉਣ ਵਾਲਾ'। ਪਾਲੀ ਵਿਚ ਪੁਤ੍ਰ ਦਾ 'ਪੁੱਤ' ਹੋ ਗਿਆ ਹੈ। ਨਿਯਮ ਇਹ ਹੈ ਕਿ ਸੰਸਕ੍ਰਿਤ

ਦੇ 'ਤ੍ਰ' ਨੂੰ ਪਾਲੀ ਵਿਚ 'ਤੱ' ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ

ਪੁਤ੍ਰ	ਤੋਂ	ਪੁੱਤ
ਸੂਤ੍ਰ	ਤੋਂ	ਸੁੱਤ
ਮੂਤ੍ਰ	ਤੋਂ	ਮੁੱਤ

ਬਣ ਜਾਂਦਾ ਹੈ।

ਕਾਲੀ ਦਾਸ ਦੇ ਸਮੇਂ ਤਕ 'ਪ' ਨੂੰ ਵੀ ਵਿਗਾੜ ਕੇ 'ਅ' ਅਤੇ 'ਪੁ' ਨੂੰ 'ਉ' ਕਰ ਦਿੱਤਾ ਗਿਆ। ਸੋ 'ਪੁੱਤ' ਦਾ 'ਉੱਤ' ਬਣ ਗਿਆ। ਪੰਜਾਬੀ ਨੇ ਨ ਕੇਵਲ ਪ੍ਰਾਚੀਨ ਪਾਲੀ ਰੂਪ 'ਪੁੱਤ' ਕਾਇਮ ਰਖਿਆ ਹੈ, ਸਗੋਂ ਸੰਸਕ੍ਰਿਤ ਦੇ 'ਰ' ਦਾ ਅੰਸ਼ ਵੀ ਬਚਾ ਕੇ ਰਖਿਆ ਹੈ। ਸੰਸਕ੍ਰਿਤ ਦੇ 'ਤ੍ਰ' ਦੀ ਥਾਂ 'ਤੱ, ਵੀ ਮਿਲਦਾ ਹੈ, ਪਰ ਅਨੇਕਾਂ ਸ਼ਬਦਾਂ ਵਿਚ 'ਤਰ' ਵੀ ਪਾਇਆ ਜਾਂਦਾ ਹੈ। ਹੇਠਾਂ ਦਿੱਤੇ ਉਦਾਹਰਣਾਂ ਤੋਂ ਸਾਡਾ ਭਾਵ ਸਪਸ਼ਟ ਹੋ ਜਾਏਗਾ।

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	
		ਪਹਿਲਾ ਰੂਪ	ਦੂਜਾ ਰੂਪ
੧	੨	੩	੪
ਪੁਤ੍ਰ	ਪੁੱਤ	ਪੁੱਤ	ਪੁੱਤਰ
ਸੂਤ੍ਰ	ਸੁੱਤ	ਸੁੱਤ	ਸੁੱਤਰ
ਮੂਤ੍ਰ	ਮੁੱਤ	ਮੁੱਤ	ਮੁੱਤਰ
ਮਿਤ੍ਰ	ਮਿੱਤ	ਮਿੱਤ	ਮਿੱਤਰ
ਛਤ੍ਰ	ਛੱਤ	ਛੱਤ	ਛੱਤਰ, ਛਤਰੀ
ਪਤ੍ਰ	ਪੱਤ	ਪੱਤਾ	ਪੱਤਰ

ਇਹ ਸਮਝ ਲੈਣਾ ਚਾਹੀਦਾ ਹੈ ਕਿ 'ਪੁੱਤਰ', 'ਸੂਤਰ' ਆਦਿ ਰੂਪ ਪੁਨਰੁੱਥਾਨ ਜਾਂ ਮੁੜ ਉਠਾਨ (Renaissance) ਦੇ ਅੰਦੋਲਨ ਨਾਲ ਪਿਛਲੀ ਕੁਝ ਸ਼ਤਾਬੀਆਂ ਵਿਚ ਮੁੜ ਕੇ ਪ੍ਰਚਲਿਤ ਨਹੀਂ ਹੋਏ, ਜਿਵੇਂ ਹਿੰਦੀ ਵਿਚ ਚੰਦ੍ਰ, ਸੂਰਿਯ, ਹਸਤ ਆਦਿ ਤਤਸਮ ਸ਼ਬਦ ਆਏ ਹਨ। 'ਰ' ਨੂੰ ਅਧਿਕਤਰ ਪਛਮੀ ਪੰਜਾਬ ਦੇ ਗੰਵਾਰਾਂ ਨੇ ਬਚਾ ਕੇ ਰਖਿਆ ਹੈ, ਜਿਹੜੇ ਮੁਸਲਮਾਨ ਹੋ ਗਏ ਸਨ, ਤੇ ਸੰਸਕ੍ਰਿਤ ਨਾਲ ਸੰਬੰਧ ਜੋੜ ਕੇ ਰੱਖਣ ਦਾ ਦੋਸ਼ ਉਨ੍ਹਾਂ ਤੇ ਕਦਾਚਿਤ ਨਹੀਂ ਲਗਾਇਆ ਜਾ ਸਕਦਾ। ਹੋਰ ਕਈ ਸ਼ਬਦ ਵੀ ਹਨ ਜਿਨ੍ਹਾਂ ਵਿਚ 'ਰ' ਅੱਜ ਤੀਕਰ ਬਚਿਆ ਰਿਹਾ ਹੈ; ਜਿਵੇਂ:

ਪਹਿਲਾ ਰੂਪ	ਦੂਜਾ ਰੂਪ	ਹਿੰਦੀ ਵਿਚ ਅਰਥ
ਦਾਂਤੀ	ਦਾਤ੍ਰੀ	ਦਰਾਂਤੀ
ਤ੍ਰਿੰਞਣ	ਤ੍ਰਿੰਞਣ	ਕਾਤਨੇ ਕਾ ਮੇਲਾ (ਯਾ ਪਿੜ)
ਗੋਤ	ਗੋਤਰ	ਗੋਤ੍ਰ

ਪਹਿਲਾ ਰੂਪ	ਦੂਜਾ ਰੂਪ	ਹਿੰਦੀ ਵਿਚ ਅਰਥ
ਜੰਦਾ	ਜੰਦ੍ਰਾ	ਤਾਲਾ
ਆਂਤ	ਆਂਦਰ	ਆਂਤ
ਤਿੱਨ	ਤ੍ਰੈ	ਤੀਨ
ਭਾ	ਭ੍ਰਾ	ਭਾਈ
ਗਾਂਉ	ਗ੍ਰਾਂ	ਗਾਂਵ
ਤਕਾਲਾਂ	ਤ੍ਰਿਕਾਲਾਂ	ਸ਼ਾਮ
ਤੇਲ	ਤਰੇਲ	ਓਸ
ਤੀਹ	ਤ੍ਰੀਹ	ਤੀਸ
ਤੀਜਾ	ਤ੍ਰੀਜਾ	ਤੀਸਰਾ

ਜੁੜਵੇਂ ਅੱਖਰਾਂ ਦਾ ਅਭਾਵ

ਪ੍ਰਾਕ੍ਰਿਤ ਪੜ੍ਹਦੇ ਵੇਲੇ ਸਭ ਤੋਂ ਪਹਿਲੀ ਗੱਲ, ਜਿਹੜੀ ਸਾਡੇ ਨਜ਼ਰੀਂ ਪੈਂਦੀ ਹੈ, ਉਹ ਜੁੜਵੇਂ, ਜਾਂ ਸੰਯੁਕਤ ਅੱਖਰਾਂ ਦਾ ਅਭਾਵ ਹੈ। ਕੇਵਲ ਦੋ ਪ੍ਰਕਾਰ ਦੇ ਜੁੜਵੇਂ ਅੱਖਰ ਪ੍ਰਾਕ੍ਰਿਤ ਵਿਚ ਮਿਲਦੇ ਹਨ।

ਪਹਿਲੀ ਪ੍ਰਕਾਰ

ਦੁਹਰੇ ਅੱਖਰ, ਅਰਥਾਤ ਜਿਨ੍ਹਾਂ ਵਿਚ ਇੱਕੋ ਅੱਖਰ ਦੁਹਰਾ ਬੋਲਿਆ ਜਾਂਦਾ ਹੈ। ਉਰਦੂ ਵਿਚ ਇਹ ਕੰਮ 'ਤਸ਼ਦੀਦ' ਤੋਂ ਲਿਆ ਜਾਂਦਾ ਹੈ। ਦੇਵਨਾਗਰੀ ਵਿਚ ਪਹਿਲਾ ਅੱਖਰ ਅੱਧਾ ਤੇ ਦੂਜਾ ਪੂਰਾ ਲਿਖਿਆ ਜਾਂਦਾ ਹੈ ਜਾਂ ਦੂਜਾ ਪਹਿਲੇ ਦੇ ਹੇਠਾਂ ਲਿਖ ਦਿੱਤਾ ਜਾਂਦਾ ਹੈ। ਕਦੀ ਕਦੀ ਅੱਖਰ ਦਾ ਅੱਧਾ ਹੋਣਾ ਦਿਖਾਉਣ ਲਈ ਉਹਦੇ ਹੇਠਾਂ ਇਕ ਤਿਰਛੀ ਲਕੀਰ ਪਾ ਦਿੱਤੀ ਜਾਂਦੀ ਹੈ, ਜਿਸ ਨੂੰ 'ਹਲੰਤ-ਚਿਨ੍ਹ' ਆਖਦੇ ਹਨ।

ਪੰਜਾਬੀ ਵਿਚ ਕਿਸੇ ਅੱਖਰ ਦੀ ਦੁਹਰੀ ਆਵਾਜ਼ ਜ਼ਾਹਿਰ ਕਰਨ ਲਈ 'ਅਧਕ' ਦਾ ਪ੍ਰਯੋਗ ਕੀਤਾ ਜਾਂਦਾ ਹੈ।

ਪ੍ਰਾਕ੍ਰਿਤ ਵਿਚ ਅਜਿਹੇ ਸ਼ਬਦ ਸੈਂਕੜੇ ਹਨ। ਅਤੇ ਆਪਣੀ ਉਸੇ ਸ਼ਕਲ ਵਿਚ ਪੰਜਾਬੀ ਦਾ ਅੰਗ ਬਣ ਗਏ ਹਨ। ਹਿੰਦੀ ਤੇ ਦੂਜੀਆਂ ਭਾਰਤੀ ਭਾਸ਼ਾਵਾਂ ਵਿਚ ਅੱਧਾ ਅੱਖਰ ਉਡ ਜਾਂਦਾ ਹੈ, ਅਤੇ ਉਸ ਤੋਂ ਪਹਿਲਾ ਸਵਰ ਦੀਰਘ ਜਾਂ ਲੰਬਾ ਹੋ ਜਾਂਦਾ ਹੈ।

ਦੇਵਨਾਗਰੀ ਲਿਪੀ ਵਾਂਗੂ ਅੱਧੇ ਤੇ ਪੂਰੇ ਅੱਖਰਾਂ ਨੂੰ ਜੋੜਨ ਲਈ ਗੁਰਮੁਖੀ ਵਿਚ ਕੋਈ ਵਿਸ਼ੇਸ਼ ਵਿਧੀ ਨਹੀਂ, ਇਸ ਕਾਰਣ ਸੰਸਕ੍ਰਿਤ ਦੇ ਸ਼ਬਦਾਂ ਨੂੰ ਗੁਰਮੁਖੀ ਵਿਚ ਠੀਕ ਠੀਕ ਲਿਖਣ ਲਈ ਅਸੀਂ ਇਕ ਉਚੇਚੀ ਪ੍ਰਥਾ ਚਲਾਏ ਬਿਨਾ ਅਜ ਦੇ ਵਿਸ਼ੇ ਦਾ ਕੰਮ ਨਹੀਂ ਭੁਗਤਾ ਸਕਦੇ। ਅਸੀਂ ਦੋ ਜਾਂ

ਬਹੁਤੇ ਅੱਖਰਾਂ ਦੀ ਇਕੱਠੀ ਆਵਾਜ਼ ਜੋੜ ਜਾਂ ਜਮਾ ਦਾ ਚਿਨ੍ਹ (+) ਪਾ ਕੇ ਦਿਖਾਂਵਾਂਗੇ । ਕ+ਸ਼ ਦਾ ਅਰਥ ਹੋਵੇਗਾ ਕਿ 'ਕ' ਅਤੇ 'ਸ਼' ਮਿਲੇ ਹੋਏ ਹਨ, ਅਰਥਾਤ 'ਕ' ਅੱਧਾ ਜਾਂ ਸਵਰ-ਹੀਨ ਹੈ ।

ਨਵੀਂ ਪੱਧਤੀ ਦੇ ਕੁਝ ਉਦਾਹਰਣ:-

ਪ+ਰ = ਪ੍ਰ	ਦ+ਰ = ਦ੍ਰ
ਕ+ਰ = ਕ੍ਰ	ਸ+ਵ = ਸ੍ਵ
ਤ+ਜ = ਤਜ	ਦ+ਯ = ਦਯ

ਦੇਵਨਾਗਰੀ ਵਿਚ ਕ+ਸ਼, ਤ+ਸ+ਯ, ਪ+ਤ, ਪ+ਸ, ਆਦਿ ਅਨੇਕ ਸੰਯੁਕਤ ਅੱਖਰ ਹੁੰਦੇ ਹਨ । ਅਸੀਂ ਉਨ੍ਹਾਂ ਨੂੰ ਗੁਰਮੁਖੀ ਵਿਚ ਉਪਰ ਦਿਖਾਏ ਢੰਗ ਨਾਲ ਲਿਖਾਂਗੇ ।

ਹੁਣ ਉਤੇ ਕਹੇ ਪਰੀਵਰਤਨ ਦੇ ਨਿਯਮ ਦੇ ਕੁਝ ਉਦਾਹਰਣ ਵੇਖੋ:

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	ਹਿੰਦੀ
ਅਦ+ਯ	ਅੱਜ	ਅੱਜ	ਆਜ
ਕਰ+ਮ	ਕੱਮ	ਕੰਮ	ਕਾਮ
ਕਰ+ਣ	ਕੱਣ	ਕੰਨ	ਕਾਨ
ਚਕ+ਰ	ਚੱਕ	ਚੱਕਾ	ਚਾਕ
ਪੁਤ+ਰ	ਪੁੱਤ	ਪੁੱਤ	ਪੂਤ
ਮ੍ਰਿੱਤਿਕਾ	ਮੱਟਿਹ	ਮੱਟੀ	ਮਾਟੀ, ਮੱਟੀ
ਸਤ+ਯ	ਸੱਚ	ਸੱਚ	ਸਾਂਚ, ਸਚ
ਸਪ+ਤ	ਸੱਤ	ਸੱਤ	ਸਾਤ
ਸੁਕ+ਤਿ	ਸਿੱਪੀ	ਸਿੱਪੀ	ਸੀਪ
ਸੂਦ+ਰ	ਸੂੱਦ	ਸੂਦ	ਸੂਦ
ਸਰ+ਵ	ਸੱਬ	ਸਭ	ਸਬ
ਅਗ+ਰੇ	ਅੱਗੇ	ਅੱਗੇ	ਆਗੇ

ਦੂਜੀ ਪ੍ਰਕਾਰ

ਵਰਣ-ਮਾਲਾ ਦੇ ਦੂਜੇ ਤੇ ਚੌਥੇ ਅੱਖਰਾਂ ਦੇ ਅੱਗੇ ਉਸ ਵਰਗ ਦੇ ਪਹਿਲੇ ਤੇ ਤੀਜੇ ਅੱਖਰ, ਜਿਵੇਂ:

'ਖ' ਤੋਂ ਪਹਿਲਾਂ ਅੱਧਾ 'ਕ'

'ਘ' ਤੋਂ ਪਹਿਲਾਂ ਅੱਧਾ 'ਗ'

'ਛ' ਤੋਂ ਪਹਿਲਾਂ ਅੱਧਾ 'ਚ' ਆਦਿ ।

ਆਧੁਨਿਕ ਪੰਜਾਬੀ ਵਿਚ ਇਹ ਕੰਮ ਵੀ ਅਧਕ ਤੋਂ ਲਿਆ ਜਾਂਦਾ ਹੈ। ਹੇਠਾਂ ਦਿੱਤੇ ਉਦਾਹਰਣਾਂ ਤੋਂ ਇਹ ਗੱਲ ਸਪਸ਼ਟ ਹੋ ਜਾਏਗੀ। ਪ੍ਰਾਕ੍ਰਿਤ ਦੇ ਮੂਲ ਸ਼ਬਦ, ਜਿਨ੍ਹਾਂ ਵਿਚ ਉਪਰ ਦੱਸੇ ਪ੍ਰਕਾਰ ਦੇ ਜੁੜਵੇਂ ਅੱਖਰ ਆਉਂਦੇ ਸਨ, ਅਸੀਂ ਪੰਜਾਬੀ ਦੀ ਪ੍ਰਚਲਿਤ ਰੀਤੀ ਅਨੁਸਾਰ ਅਧਕ ਲਿਖੇ ਹਨ।

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	ਹਿੰਦੀ
ਲਕ+ਸ਼	ਲੱਖ	ਲੱਖ	ਲਾਖ
ਰਿਕ+ਸ਼	ਰਿੱਛ	ਰਿੱਛ	ਰੀਛ
ਪ੍ਰਿਚ+ਛ	ਪੁੱਛ	ਪੁੱਛ	ਪੂਛ
ਬੰਧ+ਯਾ	ਬੰਝਾ	ਬੰਝ	ਬਾਂਝ
ਹਸ+ਤ	ਹੱਥ	ਹੱਥ	ਹਾਥ
ਦੁਗ+ਧ	ਦੁੱਧ	ਦੁੱਧ	ਦੂਧ
ਅਰ+ਧ	ਅੱਧ	ਅੱਧ	ਆਧ
ਗਰ+ਭ	ਗੱਭ	ਗੱਭ	ਗਾਭ
ਅਸ਼+ਟ	ਅੱਠ	ਅੱਠ	ਆਠ
ਵ੍ਰਿਦ+ਧ	ਬੁੱਢ, ਵੁਢ	ਬੁੱਢਾ, ਵੱਡਾ	ਬੂੜ੍ਹਾ, ਬੜਾ

ਇਨ੍ਹਾਂ ਦੋ ਪ੍ਰਕਾਰ ਦੇ ਜੁੜਵੇਂ ਅੱਖਰਾਂ ਤੋਂ ਛੁੱਟ, ਪ੍ਰਾਕ੍ਰਿਤ ਵਿਚ ਇਨ੍ਹਾਂ ਦਾ ਉਕਾ ਹੀ ਅਭਾਵ ਹੈ। ਸੰਸਕ੍ਰਿਤ ਤੋਂ ਪ੍ਰਾਕ੍ਰਿਤ ਵਿਚ ਉਲਥਾ ਕਰਦੇ ਵੇਲੇ ਜੁੜਵੇਂ ਅੱਖਰਾਂ ਦੀ ਥਾਂ, ਬੰਨ੍ਹੇ ਹੋਏ ਨਿਯਮਾਂ ਦੇ ਅਨੁਸਾਰ ਸਰਲ ਅੱਖਰ ਵਰਤੇ ਜਾਂਦੇ ਹਨ। ਇਸ ਗੱਲ ਵਿਚ ਪੰਜਾਬੀ ਦਾ ਸੁਭਾ ਪ੍ਰਾਕਿਤ ਨਾਲ ਬਹੁਤ ਮਿਲਦਾ ਹੈ। ਨਮੂਨੇ ਲਈ ਅਸੀਂ 'ਦਿਙਨਾਗ' ਨਾਮਕ ਸਾਹਿੱਤਕਾਰ ਦੀ ਰਚਨਾ 'ਕੁੰਦਮਾਲਾ' ਵਿਚੋਂ ਇਕ ਉਦਾਹਰਣ ਦਿੰਦੇ ਹਾਂ :-

ਕਾਲਾਂ ਦਾ ਲਾ ਹੋ ਗਿਆ; ਸੀਤਾ ਨੂੰ ਰਾਮਚੰਦ੍ਰ ਜੀ ਨੇ ਘਰੋਂ ਕੱਢ ਦਿੱਤਾ ਹੋਇਆ ਸੀ। ਇਕ ਥਾਂ ਉਹ ਘਬਰਾ ਕੇ ਕਹਿੰਦੀ ਹੈ।

"ਤਤ ਕਿਮਤ੍ਰ ਕਰਿਸ਼ਯਾਮਿ ?"

ਦਿਙਨਾਗ ਨੇ ਸੀਤਾ ਦੇ ਮੂੰਹੋਂ ਸੰਸਕ੍ਰਿਤ ਨਹੀਂ, ਪ੍ਰਾਕ੍ਰਿਤ ਬੁਲਵਾਈ ਹੈ ਅਤੇ ਇਸ ਵਾਕ ਦਾ ਰੂਪ ਬਣਦਾ ਹੈ:-

"ਤਾ ਏਥੱ ਕਰਇੱਸੰ ?"

ਸੰਸਕ੍ਰਿਤ ਦੀ ਜਟਿਲਤਾ ਦੂਰ ਹੋ ਗਈ ਹੈ। ਪ੍ਰਾਕ੍ਰਿਤ ਦਾ ਇਹ ਵਾਕ ਹੂ-ਬਹੂ ਪੱਛਮੀ ਪੰਜਾਬੀ ਨਾਲ ਮਿਲਦਾ ਹੈ। ਉਹ ਆਖਣਗੇ:-

"ਤਾਂ ਕਿ ਏਥੇ ਕਰਸਾਂ ?"

ਪੱਛਮੀ ਪੰਜਾਬ ਨੇ ਰਾਜਨੀਤਕ ਤੇ ਧਾਰਮਕ ਕ੍ਰਾਂਤੀਆਂ ਬਾਕੀ ਭਾਰਤ ਨਾਲੋਂ ਵਧੇਰੀਆਂ ਵੇਖੀਆਂ ਹਨ, ਪਰ ਪੰਦਰਾਂ ਸੌ ਬਰਸਾਂ ਤੋਂ ਉਥੋਂ ਦੀ ਭਾਸ਼ਾ ਕਿਵੇਂ ਸਥਿਰ ਹੈ, ਇਹ ਵੇਖ ਕੇ ਅਚੰਭਾ ਹੁੰਦਾ ਹੈ। ਦਿਙਨਾਗ ਦਾ ਸਮਾਂ ਕਾਲੀਦਾਸ ਤੋਂ ਬਾਦ-ਦਾ-ਲਗ-ਭਗ ਸੱਤਵੀਂ ਤੋਂ ਦਸਵੀਂ ਸ਼ਤਾਬਦੀ ਦਾ-ਕਿਹਾ ਜਾਂਦਾ ਹੈ, ਪਰ 'ਕੁੰਦਮਾਲਾ' ਦੀ ਪ੍ਰਾਕ੍ਰਿਤ ਇਸ ਤੋਂ ਕਈ ਸੌ ਸਾਲ ਪੁਰਾਣੀ ਅਤੇ ਗੁਪਤ-ਕਾਲ ਦੀ ਜਾਪਦੀ ਹੈ। ਇਕ ਵਿਚਾਰ ਇਹ ਵੀ ਹੈ- ਪਰ ਮੰਨਿਆ ਘਟ ਜਾਂਦਾ ਹੈ- ਕਿ ਦਿਙਨਾਗ ਕਾਲੀਦਾਸ ਦਾ ਸਮਕਾਲੀਨ ਸੀ। ਕਿਉਂਕਿ 'ਮੇਘਦੂਤ' ਵਿਚ ਇਕ ਥਾਂ ਉਹਦਾ ਨਾਉਂ ਆਉਂਦਾ ਹੈ। ਕਾਲੀਦਾਸ ਨੇ ਉਥੇ ਇੰਜ ਲਿਖਿਆ ਹੈ:-

"ਦਿਙ-ਨਾਗਾਨਾਂ ਪਥਿ ਪਰਿਹਰਨ ਸਥੂਲ ਹਸਤਾਵਲੇਪਾਨ।"

ਚਲੋ ਛੱਡੋ ਦਿਙਨਾਗ ਦੀ ਬਹਿਸ ਨੂੰ। ਜਿਹੜੀ ਗੱਲ ਸਾਡੇ ਨਾਲ ਸੰਬੰਧ ਰਖਦੀ ਹੈ, ਉਹ ਇਹ ਹੈ ਕਿ ਪ੍ਰਾਕ੍ਰਿਤ ਵਿਚ ਵੀ, ਪੰਜਾਬੀ ਵਾਂਗੂ ਜੁੜਵੇਂ ਅੱਖਰ ਥੋੜੇ ਸਨ ਸਗੋਂ ਪੰਜਾਬੀ ਵਿਚ ਆਧੁਨਿਕ ਯੁਗ ਦੀਆਂ ਦੇਸ਼ੀ ਅਤੇ ਵਿਦੇਸ਼ੀ ਭਾਸ਼ਾਵਾਂ ਦੇ ਪ੍ਰਭਾਵ ਕਾਰਣ ਹੁਣ ਬਹੁਤ ਸਾਰੇ ਜੁੜਵੇਂ ਅੱਖਰ ਬੋਲੇ ਜਾਂਦੇ ਹਨ। ਲਿਖਣ ਵਿਚ ਤਾਂ ਪ੍ਰ, ਤ੍ਰ ਨ੍ਹ, ਸ੍ਰ, ਤ੍ਰ, ਕ੍ਰ, ਗ੍ਰ, ਭ੍ਰ, ਦਸ-ਆਦਿ ਸੱਤ-ਅੱਠ ਹੀ ਵਰਤੇ ਜਾਂਦੇ ਹਨ, ਪਰ ਬੋਲਣ ਵਿਚ ਅਨੇਕਾਂ ਆਉਂਦੇ ਹਨ। ਚਾਹੇ ਲਿਖੇ ਉਹ ਵੱਖ-ਵੱਖ ਜਾਂਦੇ ਹਨ। ਹੇਠਾਂ ਲਿਖੇ ਉਦਾਹਰਣਾਂ ਵਿਚ, ਜਿਥੇ ਅਸੀਂ ਜੋੜ-ਚਿਨ੍ਹ (+) ਦਿਤਾ ਹੈ, ਉਹ ਅੱਖਰ ਜੁੜਵੇਂ (ਸੰਯੁਕਤ) ਬੋਲੇ ਜਾਂਦੇ ਹਨ— ਅਰਥਾਤ ਪਹਿਲਾ ਅੱਧਾ ਜਾਂ ਸਵਰ-ਹੀਨ ਹੈ ਤੇ ਦੂਜਾ ਪੂਰਾ, ਚਾਹੇ ਲਿਖਤ ਵਿਚ ਦੋਵੇਂ ਪੂਰੇ ਲਿਖੇ ਜਾਂਦੇ ਹਨ।

ਲਿਖਤ		ਉੱਚਾਰਣ
ਦੋਸਤ	=	ਦੋਸ+ਤ
ਪੋਸਤ	=	ਪੋਸ+ਤ
ਗੋਸ਼ਤ	=	ਗੋਸ਼+ਤ
ਐਕਸ-ਰੇਜ਼	=	ਐਕ+ਸ+ਰੇਜ਼
ਬਾਲਟੀ	=	ਬਾਲ+ਟੀ
ਡਾਕਟਰ	=	ਡਾਕ+ਟਰ

ਇਕ ਬੜਾ ਰੋਚਕ ਜੁੜਵਾਂ ਅੱਖਰ ਕ+ਸ਼ ਦੇ ਮੇਲ ਨਾਲ ਬਣਦਾ ਹੈ। ਸੰਸਕ੍ਰਿਤ ਵਿਚ ਇਸ ਦਾ ਖ਼ੂਬ ਪ੍ਰਯੋਗ ਹੁੰਦਾ ਹੈ, ਪਰ ਪ੍ਰਾਕ੍ਰਿਤ ਵਿਚ ਇਹ ਕ+ਖ ਵਿਚ ਬਦਲ ਜਾਂਦਾ ਹੈ, ਜਾਂ ਕਿਤੇ ਕਿਤੇ ਚ + ਛ ਬਣ ਜਾਂਦਾ ਹੈ ਅਤੇ ਠੀਕ ਉਸੇ ਰੂਪ ਵਿਚ ਅੱਜ ਤਕ ਚਲਦਾ ਹੈ ਹੇਠਾਂ ਦੋਵੇਂ

ਪ੍ਰਕਾਰ ਦੇ ਪਰੀਵਰਤਨਾਂ ਦੇ ਉਦਾਹਰਣ ਦਿੱਤੇ ਜਾਂਦੇ ਹਨ।

ਪਹਿਲਾ ਉਦਾਹਰਣ ਕ + ਸ਼ ਦਾ ਕ + ਖ ਵਿਚ ਬਦਲਣਾ :—

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਲਕ+ਸ਼	ਲੱਖ	ਲੱਖ
ਪਕ+ਸ਼	ਪੱਖ	ਪੱਖ
ਅਕ+ਸ਼ਿ	ਅੱਖਿ	ਅੱਖੀ, ਅੱਖ
ਦਕ+ਸ਼ਿਣ	ਦੱਖਿਣ	ਦੱਖਣ

ਦੂਜਾ ਉਦਾਹਰਣ ਕ + ਸ਼ ਦਾ ਚ + ਛ ਵਿਚ ਬਦਲਨਾ :-

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਰਿਕ+ਸ਼	ਰਿੱਛ	ਰਿੱਛ
ਕਕ+ਸ਼	ਕੱਛ	ਕੱਛ

ਪ੍ਰਾਕ੍ਰਿਤ ਦੀ ਇਸੇ ਰੀਤੀ ਦਾ ਅਨੁਕਰਣ ਕਰਦੇ ਹੋਏ ਪੰਜਾਬੀ ਦੇ ਸਭ ਨਵੇਂ ਤੇ ਪੁਰਾਣੇ ਲਿਖਾਰੀ ਜਦ ਕਿਸੇ ਸ਼ਬਦ ਵਿਚ ਸੰਸਕ੍ਰਿਤ ਦਾ ਕ+ਸ਼ ਅੱਖਰ ਦਿਸੇ, ਉਸ ਨੂੰ ਕ +ਖ (=ੱਖ ਜਾਂ ਚ+ਛ (=ੱਛ) ਵਿਚ ਪਲਟ ਕੇ ਹੀ ਆਪਣੀ ਵਰਤੋਂ ਵਿਚ ਲਿਆਉਂਦੇ ਹਨ। ਜਿਵੇਂ :-

ਸੰਸਕ੍ਰਿਤ	ਪੰਜਾਬੀ
ਰਕ+ਸ਼ਾ	ਰੱਖਿਆ
ਸ਼ਿਕ+ਸ਼ਾ	ਸਿੱਖਿਆ
ਭਿਕ+ਸ਼ਾ	ਭਿੱਖਿਆ
ਲਕ+ਸ਼ਣ	ਲੱਛਣ
ਪਕ+ਸ਼ੀ	ਪੰਛੀ
ਲਕ+ਸ਼+ਮੀ	ਲੱਛਮੀ
ਲਕ+ਸ਼+ਮਣ	ਲੱਛਮਣ
ਕ+ਸ਼ੁਰ	ਛੁਰਾ
ਅਕ+ਸ਼ਰ	ਅੱਖਰ, ਅੱਛਰ

ਹੁਣ ਇਕ ਬੜੀ ਮਨੋਰੰਜਕ ਗੱਲ ਦੇਖਣ ਵਿਚ ਆਉਂਦੀ ਹੈ। ਕ+ਸ਼ ਦਾ ਜੋੜ ਕੇਵਲ ਸੰਸਕ੍ਰਿਤ ਸ਼ਬਦਾਂ ਵਿਚ ਹੀ ਨਹੀਂ ਪਾਇਆ ਜਾਂਦਾ, ਹੋਰ ਵੀ ਕਈ ਭਾਸ਼ਾਵਾਂ ਵਿਚ ਹੈ ਅਤੇ ਉਨ੍ਹਾਂ ਦੇ ਪ੍ਰਭਾਵ ਨਾਲ ਕਈ ਅਜੇਹੇ ਸ਼ਬਦ ਪੰਜਾਬੀ ਵਿਚ ਵੀ ਆ ਗਏ ਹਨ, ਜਿਨ੍ਹਾਂ ਵਿਚ ਕ+ਸ਼ ਹੈ। ਜਿਵੇਂ :—

ਸ਼ਬਦ	ਭਾਸ਼ਾ	ਅਰਥ
ਇਲੈ+ਕਸ਼ਨ	(ਅੰਗ੍ਰੇਜ਼ੀ)	ਚੋਣ
ਕੁਨੈਕ+ਸ਼ਨ	,,	ਜੋੜ
ਨਕ+ਸ਼ਾ	(ਅਰਬੀ)	ਮਾਨ-ਚਿਤ੍ਰ
ਰਿਕ+ਸ਼ਾ	(ਜਾਪਾਨੀ)	ਮਾਨਵੀ ਗੱਡੀ
ਕਹਿਕ+ਸ਼ਾ	(ਫ਼ਾਰਸੀ)	ਆਕਾਸ਼ ਗੰਗਾ

ਇਨ੍ਹਾਂ ਵਿਦੇਸ਼ੀ ਸ਼ਬਦਾਂ ਨੂੰ ਪੰਜਾਬੀ ਕਦੇ ਵਿਗਾੜ ਕੇ ਨਹੀਂ ਬੋਲਦੇ ; 'ਰਿਕਸ਼ਾ' ਨੂੰ ਕੋਈ 'ਰਿਖਿਆ' ਕਹਿ ਕੇ ਨਹੀਂ ਬੁਲਾਉਂਦਾ ਨਾ ਕੋਈ 'ਨਕਸ਼ਾ' ਦੇ ਥਾਂ 'ਨਖਿਆ' ਕਹਿਣ ਵਿਚ ਸੌਖ ਅਨੁਭਵ ਕਰਦਾ ਹੈ। ਇਨ੍ਹਾਂ ਸ਼ਬਦਾਂ ਵਿਚ ਜੁੜਵੇਂ ਅੱਖਰਾਂ ਦੀ (ਕ+ਸ਼ ਦੀ) ਆਵਾਜ਼ ਹੈ, ਜਿਹੜੀ ਬੋਲਣ ਵਿਚ ਸੁਣਾਈ ਦਿੰਦੀ ਹੈ ਪਰ ਲਿਖਣ ਵਿਚ 'ਕ' ਅਤੇ 'ਸ' ਪੂਰੇ ਪੂਰੇ ਆਉਂਦੇ ਹਨ। ਪ੍ਰਾਕ੍ਰਿਤ ਵਿਚ ਇਹ ਗੱਲ ਨਹੀਂ ਸੀ ਹੋ ਸਕਦੀ। ਉਥੇ ਵਿਦੇਸ਼ੀ ਭਾਸ਼ਾਵਾਂ ਦਾ ਰੂਪ ਵੀ ਦੇਸੀ ਬਣਾ ਕੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਦੀ ਪ੍ਰਥਾ ਸੀ।

ਕ+ਸ਼ ਦੇ ਇਲਾਵਾ ਹੋਰ ਵੀ ਕਥ ਸੰਯੁਕਤ ਅੱਖਰ ਪੰਜਾਬੀ ਵਿਚ ਆ ਗਏ ਹਨ। ਉਦਾਹਰਣ ਵਜੋਂ :-

ਸ਼ਬਦ	ਭਾਸ਼ਾ	ਅਰਥ
ਪ੍ਰੇਮ	ਸੰਸਕ੍ਰਿਤ	ਪਿਆਰ
ਪ੍ਰੈਸ	ਅੰਗ੍ਰੇਜ਼ੀ	ਛਾਪਾਖਾਨਾ
ਸਕੱਤ੍ਰ	ਅੰਗ੍ਰੇਜ਼ੀ	ਮੰਤ੍ਰੀ
ਜੇਲ੍ਹ	ਅੰਗ੍ਰੇਜ਼ੀ	ਕਰਾਗਾਰ, ਬੰਦ
ਬ੍ਰਾਦਰੀ	ਫ਼ਾਰਸੀ	ਭਾਈ-ਚਾਰਾ
ਗ੍ਰਿਹ (ਮੰਤ੍ਰੀ)	ਸੰਸਕ੍ਰਿਤ	ਘਰ (ਮੰਤ੍ਰੀ)
ਭ੍ਰਸ਼ਟਾਚਾਰ	ਸੰਸਕ੍ਰਿਤ	ਬੇਈਮਾਨੀ
ਕੰਟ੍ਰੋਲ	ਅੰਗ੍ਰੇਜ਼ੀ	ਕਾਬੂ

ਜੇ ਅਸੀਂ ਚਾਹੁੰਦੇ ਹਾਂ ਕਿ ਸੰਯੁਕਤ ਧੁਨੀਆਂ ਕਾਇਮ ਰਖੀਆਂ ਜਾਣ ਤਾਂ ਜੁੜਵੇਂ ਅੱਖਰ ਵੀ ਕਾਇਮ ਰਖਣੇ ਪੈਣਗੇ ਅਤੇ ਨਵੀਆਂ ਸੰਯੁਕਤ ਆਵਾਜ਼ਾਂ ਲਈ ਹੋਰ ਵੀ ਜੁੜਵੇਂ ਅੱਖਰ ਘੜਨੇ ਪੈਣਗੇ ਇਹ ਨਹੀਂ ਹੋ ਸਕਦਾ ਕਿ ਪੰਜਾਬੀ ਵਿਚ ਸੰਯੁਕਤ ਅੱਖਰ ਬੋਲੇ ਤਾਂ ਜਾਣ ਪਰ ਉਨ੍ਹਾਂ ਦੇ ਲਿਖਣ ਦਾ ਕੋਈ ਪ੍ਰਬੰਧ ਨਾ ਹੋਵੇ। ਪ੍ਰਾਕ੍ਰਿਤ ਵਿਚ ਨਾ ਜੁੜੇ ਹੋਏ (ਜਟਿਲ) ਬੋਲ ਸਨ, ਨਾ ਉਨ੍ਹਾਂ ਦੇ ਲਿਖਣ ਦੀ ਲੋੜ ਪੈਂਦੀ ਸੀ। ਜੇ ਪ੍ਰਾਕ੍ਰਿਤ ਵਿਚ ਵਿਦੇਸ਼ੀ ਸ਼ਬਦ ਆਉਂਦੇ ਤਾਂ ਉਨ੍ਹਾਂ ਦੇ ਇਹ ਰੂਪ ਬਣਦੇ :—

ਸ਼ਬਦ	ਭਾਸ਼ਾ	ਪ੍ਰਾਕ੍ਰਿਤ ਰੂਪ
ਹਸ+ਤ	ਸੰਸਕ੍ਰਿਤ	ਹੱਥ
ਦੋਸ+ਤ	ਫ਼ਾਰਸੀ	ਦੋਥ
ਪੁਸ+ਤਕ	ਸੰਸਕ੍ਰਿਤ	ਪੋਥੱਅ
ਪੋਸ+ਤ	ਫ਼ਾਰਸੀ	ਪੋਥ
ਰਿਕ+ਸ਼ਾ	ਜਾਪਾਨੀ	ਰਿੱਛਾ-ਯਾ ਰਿੱਖਾ
ਸਰ੍+ਵਸ	ਅੰਗ੍ਰੇਜ਼ੀ	ਸੱਬਿਸ
ਪਿਸ+ਤੌਲ	ਫ੍ਰੈਂਚ	ਪਿੱਥੌਲ
ਬਾਲ+ਟੀ	ਪੁਰਤਗਾਲੀ	ਬੱਟੀ
ਨਕ+ਸ਼ਾ	ਅਰਬੀ	ਨੱਖਾ
ਕਾਰ+ਤੂਸ	ਫ੍ਰੈਂਚ	ਕਾੱਤੂਸ
ਸਪੁ+ਤਨਿਕ	ਰੂਸੀ	ਫੁਤਨਿਅ
ਵਰਕ+ਸ਼ਾਪ	ਅੰਗ੍ਰੇਜ਼ੀ	ਵੱਕ-ਸਾਵ

ਇਸ ਸਾਰੇ ਵਿਵਰਨ ਦਾ ਭਾਵ ਇਹ ਦਿਖਾਉਣਾ ਹੈ ਕਿ ਪੰਜਾਬੀ ਵਿਚ ਤਾਂ ਅਜੇ ਫੇਰ ਵੀ ਜੁੜਵੇਂ ਅੱਖਰਾਂ ਨੂੰ ਸਹਿਣ ਕੀਤਾ ਜਾ ਸਕਦਾ ਹੈ, ਅਤੇ ਜਾ ਰਿਹਾ ਹੈ ਪਰ ਪ੍ਰਾਕ੍ਰਿਤ ਵਿਚ ਤਾਂ (ਦੂਹਰੇ ਅੱਖਰਾਂ ਤੇ ਸਗੋਤ੍ਰ ਜੁੜਵਿਆਂ ਤੋਂ ਛੁੱਟ) ਸੰਯੁਕਤ ਅੱਖਰਾਂ ਲਈ ਜਗ੍ਹਾ ਹੈ ਨਹੀਂ ਸੀ, ਚਾਹੇ ਉਹ ਸੰਸਕ੍ਰਿਤ ਦੇ ਸ਼ਬਦਾਂ ਵਿਚ ਹੋਣ, ਚਾਹੇ ਯੂਨਾਨੀ ਅਤੇ ਹੋਰ ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦਾਂ ਵਿਚ।

ਤੀਜਾ ਭਾਗ

ਪ੍ਰਾਕ੍ਰਿਤ ਅਤੇ ਪੰਜਾਬੀ ਦੇ ਵਿਅੰਜਨਾਂ ਦੀ ਤੁਲਨਾ

ਹੁਣ ਅਸੀਂ ਮੁੱਢ ਤੋਂ ਲੈ ਕੇ ਅੱਜ ਤਕ ਦੇ ਭਾਰਤੀ ਬੋਲੀਆਂ ਦੇ ਇਤਿਹਾਸ ਨੂੰ ਪੰਜ ਪੜਾਵਾਂ ਵਿਚ ਵੰਡਦੇ ਹਾਂ।

ਪਹਿਲਾ ਪੜਾਓ :

ਅਸ਼ੋਕ ਦੇ ਸਮੇਂ ਤੋਂ ਵੀ ਪਹਿਲਾ ਕਾਲ। ਕੋਈ ਅਧਿਕ ਉਪਯੁਕਤ ਨਾਉਂ ਨਾ ਹੋਣ ਕਰਕੇ ਇਸ ਨੂੰ ਅਸੀਂ 'ਸੰਸਕ੍ਰਿਤ ਕਾਲ' ਆਖਾਂਗੇ।

ਦੂਜਾ ਪੜਾਓ :

ਅਸ਼ੋਕ ਤੋਂ ਕੁਝ ਸ਼ਤਾਬਦੀਆ ਅੱਗੋਂ ਪਿੱਛੋਂ ਦਾ ਕਾਲ। ਇਸ ਨੂੰ ਅਸੀਂ 'ਪਾਲੀ ਕਾਲ'

ਕਹਾਂਗੇ।

ਤੀਜਾ ਪੜਾਓ :

ਗੁਪਤ ਰਾਜਿਆਂ ਦਾ ਸਮਾਂ ਈਸਾ ਤੋਂ ਪੰਜ-ਛੇ ਸੌ ਸਾਲ ਬਾਦ। ਇਸ ਨੂੰ ਅਸੀਂ 'ਪ੍ਰਕ੍ਰਿਤ ਕਾਲ' ਕਹਾਂਗੇ। ਵੈਸੇ ਪਾਲੀ ਵੀ ਇਕ ਪ੍ਰਾਕ੍ਰਿਤ ਸੀ ਪਰ ਬਹੁਤ ਪੁਰਾਣੀ ਹੋਣ ਕਰਕੇ ਉਸ ਦੀ ਇਕ ਵਿਸ਼ੇਸ਼ ਥਾਂ ਹੈ।

ਚੌਥਾ ਪੜਾਓ :

'ਅਪਭ੍ਰੰਸ਼ ਕਾਲ' ਈਸਾ ਤੋਂ ਸੱਤ-ਅੱਠ ਸੌ ਸਾਲ ਤੋਂ ਹਜ਼ਾਰ ਕੁ ਸਾਲ ਤਕ।

ਪੰਜਵਾਂ ਪੜਾਓ :

'ਆਧੁਨਿਕ ਕਾਲ' ਗਿਆਰ੍ਹਵੀਂ ਸ਼ਤਾਬਦੀ ਤੋਂ ਲੈ ਕੇ (ਜਦ ਕਿ ਆਧੁਨਿਕ ਭਾਸ਼ਾਵਾਂ ਦੀ ਵਰਤਮਾਨ ਰੂਪ ਰੇਖਾ ਬਣਨੀ ਆਰੰਭ ਹੋਈ) ਅੱਜ ਤਈਂ। ਇਸ ਕਾਲ ਵਿਚ ਹੀ ਹਿੰਦੀ ਹਿੰਦੀ ਬਣੀ ਅਤੇ ਪੰਜਾਬੀ ਪੰਜਾਬੀ। ਪੁਰਾਣੇ ਤੇ ਨਵੇਂ ਦੋਵੇਂ ਰੂਪ ਇਸ ਵਿਚ ਆ ਜਾਂਦੇ ਹਨ।

ਸੰਸਕ੍ਰਿਤ ਤੋਂ ਪਾਲੀ

ਇਨ੍ਹਾਂ ਪੰਜੇ ਅਵਸਥਾਵਾਂ ਵਿਚੋਂ ਭਾਰਤ ਦੀ ਹਰ ਇਕ ਭਾਸ਼ਾ ਲੰਘੀ ਹੈ। ਹੇਠਾਂ ਲਿਖੇ ਸ਼ਬਦ ਢਾਈ ਹਜ਼ਾਰ ਸਾਲ ਪੁਰਾਣੀ ਪਾਲੀ ਦੀਆਂ ਪੁਸਤਕਾਂ- ਧੰਮ-ਪਦ ਆਦਿ ਵਿਚ ਮਿਲਦੇ ਹਨ। ਇਨ੍ਹਾਂ ਨੂੰ ਵੇਖ ਕੇ ਪਾਠਕਾਂ ਨੂੰ ਕੁਝ ਗਿਆਨ ਹੋ ਜਾਵੇਗਾ ਕਿ ਸੰਸਕ੍ਰਿਤ, ਪਾਲੀ ਤੇ ਪੰਜਾਬੀ ਦਾ ਕਿੱਦਾਂ ਦਾ ਸੰਬੰਧ ਹੈ।

ਸੰਸਕ੍ਰਿਤ	ਪਾਲੀ	ਪੰਜਾਬੀ	ਹਿੰਦੀ ਅਰਥ
ਸ੍ਰਿੰਗ	ਸਿੰਗ	ਸਿੰਗ	ਸੀਂਗ
ਸੁਕ+ਤਿ	ਸਿੱਪੀ	ਸਿੱਪੀ	ਸੀਪ
ਸਤ+ਯ	ਸੱਚ	ਸੱਚ	ਸਚ
ਦੁਗ+ਧ	ਦੁੱਧ	ਦੁੱਧ	ਦੂਧ
ਰਸ਼+ਮੀ	ਰਸੀ	ਰੱਸੀ	ਰੱਸੀ
ਸਪ+ਤ	ਸੱਤ	ਸੱਤ	ਸਾਤ
ਅਸ਼+ਟ	ਅੱਠ	ਅੱਠ	ਆਠ
ਦਸ਼	ਦਸ	ਦਸ	ਦਸ
ਅਦ+ਯ	ਅੱਜ	ਅੱਜ	ਆਜ

ਸੰਸਕ੍ਰਿਤ	ਪਾਲੀ	ਪੰਜਾਬੀ	ਹਿੰਦੀ ਅਰਥ
ਕਲ+ਯ	ਕੱਲ	ਕਲੁ	ਕਲ
ਸਰ+ਵ	ਸੱਬ	ਸਬੁ , ਸਭ	ਸਬ
ਈਸ਼+ਵਰ	ਇੱਸਰ	ਈਸ਼ਰ	ਈਸ਼ ਵਰ
ਸ+ਤੰਭ	ਥੰਭ	ਥੰਮੁ	ਖੰਬਾ
ਸ੍ਰੇਸ਼+ਠਿਨ	ਸੇਠੀ	ਸੇਠ,	ਸੇਠ
ਅਰ+ਧ	ਅਧ	ਅੱਧ	ਆਧ
ਗਰ+ਭ	ਗੱਭ	ਗੱਭ	ਗਾਭ
ਅਗ+ਨਿ	ਅੱਗਿ	ਅੱਗ	ਆਗ
--	ਧੀਤਾ	ਧੀ	ਲੜਕੀ
ਅਤ੍ਰ	ਏਥੱ	ਏਥੇ	ਯਹਾਂ
ਅਧਸ+ਤਾਤ	ਹੇਠੱਾ	ਹੇਠੱਾਂ	ਨੀਚੇ
ਪੁਤ੍ਰ	ਪੁੱਤ	ਪੁੱਤ	ਪੂਤ
ਜ+ਯੇਸ਼+ਠ	ਜੇਠੱਾ	ਜੇਠਾ	ਜਯੇਸ਼ਠ
ਸ਼ਰੀਰ	ਸਰੀਰ	ਸਰੀਰ	ਸ਼ਰੀਰ
ਅਗ੍ਰੇ	ਅੱਗੇ	ਅਗੇ	ਆਗੇ
ਚਿਰ	ਚਿਰ	ਚਿਰ	ਦੇਰ
ਸ਼ਸ਼+ਠਿ	ਸੱਠ	ਸੱਠ	ਸਾਠ

ਇਹ ਸੂਚੀ ਵਧਾਈ ਜਾ ਸਕਦੀ ਹੈ, ਪਰ ਸਾਡੇ ਪ੍ਰਯੋਜਨ ਲਈ ਇੰਨੇ ਹੀ ਉਦਾਹਰਣ ਬਹੁਤ ਹਨ। ਇਕ ਦ੍ਰਿਸ਼ਟੀ ਨਾਲ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਦੇ ਵਿਚ ਸ਼ਬਦਾਂ ਦਾ ਜਿਹੜਾ ਰੂਪ ਪ੍ਰਚਲਿਤ ਹੈ, ਉਹ ਪਾਲੀ ਕਾਲ ਵਿਚ ਵੀ- ਅਰਥਾਤ ਅੱਜ ਤੋਂ ਢਾਈ ਤਿੰਨ ਹਜ਼ਾਰ ਸਾਲ ਪਹਿਲਾਂ- ਇਵੇਂ ਹੀ ਸੀ। ਹਿੰਦੀ ਦੇ ਸ਼ਬਦ ਕਾਲ ਦੀ ਕਰੂਰਗਤੀ ਦੇ ਹੱਥੋਂ ਬਚ ਨਹੀਂ ਸਕੇ, ਉਨ੍ਹਾਂ ਵਿਚ ਪਰੀਵਰਤਨ ਹੋ ਗਿਆ ਹੈ।

ਪਾਲੀ ਤੋਂ ਪ੍ਰਾਕ੍ਰਿਤ

ਪਾਲੀ ਤੋਂ ਪ੍ਰਾਕ੍ਰਿਤ ਬਣਦੇ ਵੇਲੇ ਬਹੁਤ ਸਾਰੇ ਪਰੀਵਰਤਨ ਹੋਏ ਹਨ। ਕਈ ਥਾਵਾਂ ਤੇ— ਜਿਵੇਂ ਪੰਜਾਬ ਵਿਚ— ਸ਼ਬਦਾਂ ਦਾ ਵਿਗਾੜ ਥੋੜਾ ਹੋਇਆ ਹੈ, ਕਿਤੇ-ਕਿਤੇ ਬਹੁਤਾ। ਹੇਠਾਂ ਦਿੱਤੇ ਉਦਾਹਰਣਾਂ ਤੋਂ ਪਤਾ ਲਗ ਜਾਵੇਗਾ ਕਿ ਕਿਸ ਪ੍ਰਕਾਰ ਨਵੀਂ ਨਿਕਲੀ ਹੋਈ ਪ੍ਰਾਕ੍ਰਿਤ ਪੁਰਾਣੀ ਪਾਲੀ ਤੋਂ ਦੂਰ, ਅਤੇ ਪੰਜਾਬੀ ਪਾਲੀ ਦੇ ਨੇੜੇ ਹੈ।

ਸੰਸਕ੍ਰਿਤ	ਪਾਲੀ	ਪ੍ਰਾਕ੍ਰਿਤ	ਪੰਜਾਬੀ
ਲੋਕ	ਲੋਕ	ਲੋਅ, ਲੋਗ (੧)	ਲੋਕ

ਸੰਸਕ੍ਰਿਤ	ਪਾਲੀ	ਪ੍ਰਾਕ੍ਰਿਤ	ਪੰਜਾਬੀ
ਪੁਤ੍ਰ	ਪੁੱਤ	ਉੱਤ	ਪੁੱਤ, ਪੁੱਤਰ
ਰਿਤੁ	ਰੁਤ	ਉਦੁ	ਰਤ
ਜਾਤਕ	ਜਾਤਕ	ਜਾਅ-ਅ	ਜਾਤਕ, ਜਾਇਆ
ਆਰ+ਯ	ਅੱਜ	ਅੰ ਅ (੨)	ਅਜੀ

(੧) 'ਮਹਾਵੀਰ ਵਾਣੀ' ਪੰਨਾ ੪

(੨) 'ਕੁੰਦਮਾਲਾ' ਪੰਨਾ ੧੫

ਜਿਉਂ-ਜਿਉਂ ਸਮਾਂ ਬੀਤਦਾ ਗਿਆ ਲੋਕਾਂ ਵਿਚ ਢਿੱਲ ਵਧਦੀ ਗਈ। ਪੜ੍ਹਾਈ-ਲਿਖਾਈ ਦਾ ਪ੍ਰਚਾਰ ਥੋੜ੍ਹਾ ਸੀ। ਲੋਕਾਂ ਨੂੰ ਕ, ਗ, ਚ, ਜ, ਤ, ਦ, ਪ, ਬ, ਯ, ਵ ਆਦਿ ਦੀ ਥਾਂ 'ਅ', ਅਤੇ ਖ, ਘ, ਠ, ਥ, ਧ, ਭ ਆਦਿ ਦੇ ਥਾਂ 'ਹ' ਕਹਿਣ ਵਿਚ ਸੌਖ ਲੱਗਣ ਲਗ ਪਿਆ। 'ਪੁੱਤ' ਨੂੰ 'ਉੱਤ' ਅਤੇ 'ਲੋਕ' ਨੂੰ 'ਲੋਅ' ਕਹਿਣ ਦਾ ਰਿਵਾਜ ਇਵੇਂ ਹੀ ਪਿਆ। ਪੰਜਾਬ ਦੇ ਲੋਕਾਂ ਨੇ ਫਿਰ ਵੀ ਕਿਸੇ ਅੰਸ਼ ਤਕ ਵਿੱਲੇ ਬਲ੍ਹ ਤੇ ਕਰੜੀ ਜੀਭ ਨਾਲ ਬੋਲਣ ਦੀ ਇਸ ਬਾਣ ਤੋਂ ਆਪਣੇ ਆਪ ਨੂੰ ਬਚਾਉਣ ਦਾ ਯਤਨ ਕੀਤਾ, ਜਿੱਦਾਂ ਕਿ ਹੇਠਾਂ ਦਿੱਤੇ ਸ਼ਬਦਾਂ ਤੋਂ ਜਾਪਦਾ ਹੈ। ਪਰ ਹਿੰਦੀ ਨੇ ਉੱਕਾ ਹੀ ਫੇਰੀ ਢਾ ਦਿੱਤੀ। ਪੰਜਾਬੀ ਦੇ ਭੂਤਕਾਲ ਵਿਚ ਕਈ ਕ੍ਰਿਆਵਾਂ ਨੇ ਮੂਲ ਸੰਸਕ੍ਰਿਤ ਤੇ ਪਾਲੀ ਦਾ 'ਤ' ਜਾਂ 'ਟ' ਬਚਾ ਕੇ ਰਖਿਆ ਹੈ, ਜਾਂ ਇਵੇਂ ਕਹੀਏ ਕਿ ਸੰਸਕ੍ਰਿਤ ਦੇ 'ਕ੍ਰਿਦੰਤ' ਪ੍ਰਤਿਅਯਾਂ ਵਿਚ ਜਿਹੜੀ ਵਿਅੰਜਨ ਦੀ ਆਵਾਜ਼ ਸੀ— ਤ, ਕ, ਧ, ਠ ਆਦਿ—ਉਹਦੀ ਨਿਸ਼ਾਨੀ ਪੰਜਾਬੀ ਰੂਪ ਵਿਚ ਤਾਂ ਬਾਕੀ ਹੈ, ਹਿੰਦੀ ਵਿਚ ਉਡ ਚੁਕੀ ਹੈ। ਉਦਾਹਰਣ ਲਈ ਵੇਖੋ:—

ਸੰਸਕ੍ਰਿਤ	ਪਾਲੀ	ਪੰਜਾਬੀ	ਹਿੰਦੀ
ਸੁਪ+ਤ	ਸੁੱਤ	ਸੁੱਤਾ	ਸੂਆ=ਸੋਯਾ
ਕ੍ਰਿਤ	ਕੀਦ (੧)	ਕੀਤਾ	ਕਿਆ=ਕਿਯਾ
ਪੀਤ	ਪੀਤ	ਪੀਤਾ	ਪੀਆ=ਪਿਯਾ
ਦੱਤ	(ਦੱਤ)	ਦਿੱਤਾ	ਦਿਆ=ਦਿਯਾ
ਨੀਤ	(ਨੀਤ)	ਨੀੱਤਾ (ਲੀਤਾ)	ਲਿਆ=ਲਿਯਾ
ਦ੍ਰਿਸ਼+ਟ	ਦਿੱਠ	ਡਿੱਠਾ	ਦੇਖਾ
ਨਸ਼+ਟ	ਨੱਠ	ਨੱਠਾ, ਨਸਿਆ	ਦੌੜਾ
ਲਬ+ਧ	(ਲੱਧ, ਲੱਭ)	ਲੱਭਾ, ਲੱਭਾ	—
ਬੱਧ	(ਬੱਧ)	ਬੱਧਾ, ਬੱਝਾ	ਬੰਧਾ

(੧) ਪ੍ਰਾਕ੍ਰਿਤ 'ਕੁੰਦਮਾਲਾ' ਪੰਨਾ ੩੪

ਪਰ ਪੰਜਾਬ ਵਿਚ ਵੀ ਵਿਅੰਜਨਾਂ ਨੂੰ ਪਰੀਵਰਤਤ ਕਰਨ ਦੀ ਪ੍ਰਵ੍ਰਿੱਤੀ ਰੁਕ ਨਹੀਂ ਸਕੀ, ਅਤੇ

ਉੱਪਰ ਲਿਖੇ ਥੋੜੇ ਜਹੇ ਨਮੂਨਿਆਂ ਤੋਂ ਛੁੱਟ, ਬਾਕੀ ਥਾਵਾਂ ਤੇ ਪੰਜਾਬੀ ਵਿਚ ਵੀ ਪ੍ਰਾਕ੍ਰਿਤ ਦੇ ਚਲੇ ਹੋਏ ਨਿਯਮਾਂ ਅਨੁਸਾਰ ਸ਼ਬਦਾਂ ਵਿਚ ਪਰੀਵਰਤਨ ਹੋ ਗਏ। ਅਸੀਂ ਹੁਣ ਉਹ ਨਿਯਮ ਪਾਠਕਾਂ ਦੇ ਸਾਹਮਣੇ ਰਖਦੇ ਹਾਂ।

ਪ੍ਰਾਕ੍ਰਿਤ ਅਤੇ ਪੰਜਾਬੀ ਸ਼ਬਦਾਂ ਦੇ ਬਣਨ ਦੇ ਨਿਯਮ

ਪਹਿਲਾ ਨਿਯਮ : ਸੰਸਕ੍ਰਿਤ ਦੇ ਕ+ਸ਼ ਦਾ ਕ+ਖ (ੱਖ) ਹੋ ਜਾਂਦਾ ਹੈ।

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਲਕ+ਸ਼	ਲੱਖ	ਲੱਖ
ਪਕ+ਸ਼	ਪੱਖ	ਪੰਖ, ਪੱਖ
ਅਕ+ਸ਼ਿ	ਅੱਖਿ	ਅੱਖੀ, ਅੱਖ
ਦਕ+ਸ਼ਿਣ	ਦੱਖਿਣ	ਦੱਖਣ
ਮਕ+ਸ਼ੀ	ਮੱਖੀ	ਮੱਖੀ

ਸੰਸਕ੍ਰਿਤ ਦੇ ਪੇਟ ਫਾੜਵੇਂ ਜਾਂ ਮੂਰਧਨ 'ਸ਼' (ष) ਦਾ ਉੱਚਾਰਣ ਸਾਧਾਰਣ ਤਾਲੱਵ 'ਸ਼' (श) ਅਤੇ ਦੋਵੇਂ ਪ੍ਰਕਾਰ ਦਾ ਮਿਲਦਾ ਹੈ। ਇਹ ਆਵਾਜ਼ ਜਰਮਨ ਵਿਚ ਵੀ ਸੁਣੀਂਦੀ ਹੈ। ਉੱਥੇ ਵੀ ਇਸ ਦਾ ਉੱਚਾਰਣ ਕੁਝ ਸਵਰਾਂ ਦੇ ਬਾਦ 'ਸ਼' ਜਿਹਾ ਹੁੰਦਾ ਹੈ, ਕੁਝ ਦੇ ਬਾਦ 'ਖ' ਜਿਹਾ। ਜਿਵੇ :

	ਜਰਮਨ	ਉੱਚਾਰਣ	ਅਰਥ
Ch=ਸ਼	ich	ਇਸ਼	ਮੈਂ
	Neicht	ਨਿਸ਼+ਟ	ਨਹੀਂ
	mich	ਮਿਸ਼	ਮੈਂ ਨੂੰ
Ch=ਖ	acht	ਆਖ+ਟ	ਅੱਠ
	nacht	ਨਾਖ+ਟ	ਰਾਤ
	macht	ਮਾਖ+ਟ	ਬਣਾਇਆ

ਦੂਜਾ ਨਿਯਮ : ਸੰਸਕ੍ਰਿਤ ਵਿਚ ਜਿੱਥੇ ਦੋ ਭਿੰਨ ਅੱਖਰ ਜੁੜੇ ਹੋਏ ਹੋਣ, ਉੱਥੇ ਪ੍ਰਾਕ੍ਰਿਤ ਤੇ ਪੰਜਾਬੀ ਵਿਚ ਇੱਕੋ ਦਾ ਦੂਹਰਾ ਹੋ ਜਾਂਦਾ ਹੈ। ਜਿਵੇਂ :

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਸਪ+ਤ	ਸੱਤ	ਸੱਤ
ਕਰ+ਮ	ਕੱਮ	ਕੱਮ

ਸੰਸਕ੍ਰਿਤ	ਪਾਲੀ	ਪੰਜਾਬੀ
ਕਰ+ਣ	ਕੱਣ	ਕੱਨ
ਦੁਗ—ਧ	ਦੁੱਧ	ਦੁੱਧ
ਹਸ+ਤ	ਹੱਥ	ਹੱਥ
ਚੰਦ੍ਰ	ਚੰਦ	ਚੰਦ
ਅਸ਼+ਟ	ਅੱਠ	ਅੱਠ
ਪਤ੍ਰ	ਪੱਤ	ਪੱਤ
ਸੁਪ+ਤ	ਸੁੱਤ	ਸੁੱਤਾ
ਚਕ੍ਰ	ਚੱਕ	ਚੱਕਾ, ਚੱਕ

ਉੱਪਰ ਦਿੱਤੀ ਸਾਰਣੀ ਤੋਂ ਪਤਾ ਲਗਦਾ ਹੈ ਕਿ 'ਕੰਮ' ਅਤੇ 'ਕੰਨ' ਵਿਚ 'ਮ' ਅਤੇ 'ਨ' ਦੀ ਆਵਾਜ਼ ਦੂਹਰੀ ਹੈ ਅਤੇ ਇਹ ਦੂਹਰਾਪਨ ਜਾਂ 'ਦੁੱਤ' ਉਸੇ ਨਿਯਮ ਅਨੁਸਾਰ ਹੋਇਆ ਹੈ, ਜਿਸ ਅਨੁਸਾਰ 'ਸੱਤ' 'ਪੱਤਾ' ਜਾਂ ਚੱਕਾ' ਵਿਚ 'ਤ' ਅਤੇ 'ਕ' ਦਾ 'ਦੁੱਤ, ਹੋਇਆ ਹੈ। ਸਾਡਾ ਮਤ ਇਹ ਹੈ ਕਿ ਅਨੁਨਾਸਕਾਂ (ਙ, ਞ, ਣ, ਨ, ਮ) ਨੂੰ ਦੂਹਰਾ ਕਰਨ ਦਾ ਕੰਮ ਵੀ ਅਧਕ ਤੋਂ ਲਿਆ ਜਾਣਾ ਚਾਹੀਦਾ ਹੈ, ਟਿੱਪੀ ਤੋਂ ਨਹੀਂ। ਦੋਵੇਂ ਤਰ੍ਹਾਂ (ਕੰਮ, ਕੱਮ ਅਤੇ ਕੰਨ, ਕੱਨ) ਠੀਕ ਮੰਨਿਆ ਜਾਵੇ ਹੇਠਾਂ ਕੁਝ ਅਜੇਹੇ ਸ਼ਬਦ ਦਿੱਤੇ ਜਾਂਦੇ ਹਨ ਜਿਨ੍ਹਾਂ ਦੇ ਸ਼ਬਦ ਜੋੜ, ਉਨ੍ਹਾਂ ਦੀ ਉਤਪਤੀ ਨੂੰ ਧਿਆਨ ਹੇਠਾਂ ਰਖਦੇ ਹੋਏ, ਸੋਧੇ ਜਾਣੇ ਚਾਹੀਦੇ ਹਨ।

ਪ੍ਰਚਲਿਤ ਜੋੜ	ਸੋਧੇ ਹੋਏ ਜੋੜ
ਕੰਮ	ਕੱਮ
ਕੰਨ	ਕੱਨ
ਭਿੰਨ	ਭਿੱਨ
ਮੰਨਿਆ	ਮੱਨਿਆ
ਸਭ, ਸੱਭ	ਸੱਬ
ਕਲ੍ਹ	ਕੱਲ

ਸੰਮਾਨ, ਸੰਮਤਿ, ਅੰਮ੍ਰਿਤ ਆਦਿ ਵਿਚ ਟਿੱਪੀ ਤੋਂ ਕੰਮ ਲਿਆ ਜਾ ਸਕਦਾ ਹੈ। ਜੇ ਦੋ ਨਿਯਮ ਨਾ ਰੱਖੇ ਹੋਣ ਤਾ ਦੁਤ ਦਾ ਕੰਮ ਸਭ ਥਾਵਾਂ ਤੇ ਅਧਕ ਤੋਂ ਹੀ ਲਿਆ ਜਾਵੇ, (ਸੰਮਾਨ ਆਦਿ ਵਿਚ ਵੀ) ਟਿੱਪੀ ਕੇਵਲ ਹੋਰ ਵਰਨਾਂ ਤੋਂ ਪਹਿਲਾਂ ਵਰਤੀ ਜਾਵੇ ਜਿਵੇਂ ਸੰਘ, ਪੰਛੀ, ਮੁੰਡਾ ਸੰਤ, ਥੰਬ ਆਦਿ।

ਤੀਜਾ ਨਿਯਮ: ਸੰਸਕ੍ਰਿਤ ਦੇ ਬਹੁਤ ਸਾਰੇ ਅਲਪ-ਪ੍ਰਾਣ ਵਰਣ (ਕ, ਚ, ਤ, ਦ, ਜ, ਪ ਆਦਿ ਪ੍ਰਾਕ੍ਰਿਤ ਅਤੇ ਪੰਜਾਬੀ ਵਿਚ ਆ ਕੇ ਲੁਪਤ ਹੋ ਜਾਂਦੇ ਹਨ ਤੇ ਉਨ੍ਹਾਂ ਵਿਚਲਾ ਸਵਰ ਹੀ ਬਾਕੀ ਰਹਿ ਜਾਂਦਾ ਹੈ।

(ਕ) ਦਾ ਲੋਪ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਅਰਥ
ਸ਼ਕੁੰਤਲਾ	ਸਉਂਦੇਲਾ	ਸ਼ਕੁੰਤਲਾ
ਲੋਕ	ਲੋਅ	ਲੋਕ
ਅਸ਼ੋਕ	ਅਸੋਅ	ਅਸੋਕ
ਅਥ ਕਿਮ ?	ਅਹ ਕਿ ? (੧)	ਫੇਰ ਕੀ ?

(੧) ('ਕੁੰਦਮਾਲਾ')

'ਕ' ਦਾ ਲੋਪ : ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਭਿਕ+ਸ਼ਾਕਾਰੀ	ਭਿੱਖਾਆਰੀ	ਭਿਖਾਰੀ
ਨੀਲ ਕਾਰੀ	ਨੀਲ ਆਰੀ	ਨਿਲਾਰੀ (=ਲਲਾਰੀ)
ਲੇਖਕਾਰੀ	ਲੇਖਆਰੀ	ਲਿਖਾਰੀ
ਖੇਲਕਾਰੀ	ਖੇਲਆਰੀ	ਖਿਲਾਰੀ (=ਖਿਲਾੜੀ)
ਲੋਹਕਾਰ	ਲੋਹਆਰ	ਲੋਹਾਰ (=ਲੁਹਾਰ)
ਚਰਮ+ਕਾਰ	ਚੰਮਾਰ	ਚਮਾਰ (=ਚਮਿਆਰ)
ਸਵਰ+ਣਕਾਰ	ਸੁੱਣਆਰ	ਸੁਨਾਰ (=ਸੁਨਿਆਰ)
ਕੁੰਭਕਾਰ	ਕੁਮੁਆਰ	ਕੁਮ੍ਹਾਰ (=ਘੁਮਿਆਰ)
ਸ਼ੀਤਕਾਲ	ਸੀਅ ਆਲ	ਸਿਆਲ
ਚਕ੍ਰਵਾਕ	ਚੱਕਵਾਅ	ਚਕਵਾ
ਕੋਕਿਲ	ਕੋਇਲ	ਕੋਇਲ
ਕਾਕ	ਕਾਅ	ਕਾਂ
ਸੂਕਰ	ਸੂਅਰ	ਸੂਅਰ (ਸੂਰ)
ਪੂਜਾਕਾਰੀ	ਪੂਜਾਆਰੀ	ਪੁਜਾਰੀ

ਇਹ ਨੋਟ ਕਰਨਾ ਚਾਹੀਦਾ ਹੈ ਕਿ 'ਕਾਰੀ' ਜਾ 'ਕਾਰ' ਵਾਲੇ ਸ਼ਬਦਾਂ ਵਿਚ ਜੇ ਪਹਿਲਾ ਸਵਰ 'ਈ', 'ਊ', 'ਏ' ਜਾਂ 'ਓ' ਹੋਵੇ, ਤਾਂ ਉਹ ਪੰਜਾਬੀ ਵਿਚ 'ਇ', 'ਉ', 'ਇ', ਅਤੇ

'ਉ' (ਕ੍ਰਮ ਅਨੁਸਾਰ) ਹੋ ਜਾਂਦਾ ਹੈ। ਜਿਵੇਂ 'ਲੋਹਕਾਰ' ਤੋਂ 'ਲੁਹਾਰ'।

'ਚ' ਦਾ ਲੋਪ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ
ਵਚਨ	ਵਅਣ
ਉਚਿਤ	ਉਇਦ

'ਚ' ਦਾ ਲੋਪ : ਪੰਜਾਬੀ ਦਾ ਉਦਾਹਰਣ

ਸੰਸਕ੍ਰਿਤ	ਪੰਜਾਬੀ
ਸੂਚੀ	ਸੂਈ
ਵਚਨ	ਬੈਣ (=ਵਅਣ)

'ਜ' ਦਾ ਲੋਪ : ਪ੍ਰਾਕ੍ਰਿਤ ਤੇ ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਬੀਜ	ਬੀਯ (੧)	ਬੀ
ਰਾਜ	ਰਾਅ	ਰਾਇ, ਰਾਓ

(੧) "ਮਹਾਵੀਰ ਵਾਣੀ" ਪੰਨਾ ੪੪

'ਤ' ਦਾ ਲੋਪ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਵਾਤ	ਵਾਅ	ਵਾਇ
ਆਸੀਤ	ਆਸੀ (੧)	ਸੀ
ਮਾਤਰਹ	ਮਾਯਾਓ (੨)	ਮਾਈਓ

(੧) 'ਛੰਦਮਾਲਾ' ਪੰਨਾ ੧੧੯

(੨) 'ਮਹਾਵੀਰ ਵਾਣੀ' ਪੰਨਾ ੧੩੮

'ਤ' ਦਾ ਲੋਪ : ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਨਿਰੁਕਤ	ਪੰਜਾਬੀ
ਮਾਤਾ	ਮਾਆ	ਮਾਂ
ਪਿਤਾ	ਪਿਆ	ਪਿਉ
ਭ੍ਰਾਤਾ-(ਭ੍ਰਾਤ੍ਰਿ)	ਭ੍ਰਾਆ (ਭਾਇ)	ਭ੍ਰਾ, ਭਾਈ
ਸ਼ੀਤ	ਸੀਅ	ਸੀਂਹ
ਸ਼ੀਤਕਾਲ	ਸੀਅਆਲ	ਸਿਆਲ
ਜਾਤਕ	ਜਾਅਅ	ਜਾਇਆ (ਮਾਂ ਦਾ—)
ਦ+ਯੂਤ	ਜੂਅ	ਜੂਆ
ਨਾਪਿਤ	ਨਾਇਅ	ਨਾਈ
ਇਰਾਵਤੀ	ਰਾਵਈ	ਰਾਵੀ (ਨਦੀ)

'ਦ' ਦਾ ਲੋਪ : ਪ੍ਰਾਕ੍ਰਿਤ ਤੇ ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਪਾਦ	ਪਾਅ	ਪਾਉ
ਦ+ਵਿਪਦ	ਦੁਪਯ	ਦੁਪਾਇਆ
ਚਤੁਸ਼+ਪਦ	ਚਉਪੱਜ	ਚਉਪਾਇਆ
ਚਤੁਸ਼+ਪਦੀ	ਚਉਪੱਈ	ਚਉਪਾਈ
ਯਦਿ	ਜਇ, ਜਦਿ (੧)	ਜੇ
ਹ੍ਰਿਦਯ	ਹਿਅਅ	ਹੀਆ, ਹਿਰਦਾ

(੧) 'ਕੁੰਦਮਾਲਾ' ਪੰਨਾ ੧੦੮

'ਪ' ਦਾ ਲੋਪ, ਜਾਂ ਅਧਿਕਤਰ 'ਪ' ਦਾ 'ਵ' ਵਿਚ ਬਦਲ ਜਾਣਾ ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਅਪਿ	ਅਵਿ, ਵਿ	ਵੀ
ਦੀਪ (ਕ)	ਦੀਵ (ਅ)	ਦੀਵਾ
ਕ੍ਰਿਪਾ	ਕਿਵਾ	ਕਿਰਪਾ

'ਪ' ਦਾ ਲੋਪ, ਜਾਂ ਅਧਿਕਤਰ 'ਪ' ਦਾ 'ਵ' ਵਿਚ ਬਦਲ ਜਾਣਾ ਪੰਜਾਬੀ ਵਿਚ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਨਾਪਿਤ	ਨਾਵਿਅ	ਨਾਈ
ਪਿਪਾਸਾ	ਪਿਆਸਾ	ਪਿਆਸ
ਵਿਪਾਸਾ	ਵਿਆਸਾ	ਬਿਆਸਾ (ਨਦੀ)
ਅਪਿ	ਅਵਿ, ਵਿ	ਵੀ
ਦੀਪਕ	ਦੀਵਅ	ਦੀਵਾ
ਦੀਪਾਵਲੀ	ਦੀਵਾਵਲੀ	ਦਿਵਾਲ਼ੀ
ਗੋਪਾਲਕ	ਗੋਵਾਲਅ	ਗਵਾਲਾ
ਕੋਟਪਾਲ	ਕੋਟਵਾਲ	ਕੋਤਵਾਲ
ਭ੍ਰਾਤ੍ਰਿਪਾਲਤਾ	ਭ੍ਰਾਇਵਾਲਤਾ	ਭਾਈਵਾਲਤਾ
ਕੱਛਪ	ਕੱਛਵ	ਕਛੂਵਾ (ਕਛੂਆ)
ਮੰਡਪ	ਮੰਡਵ	ਮੰਡਵਾ (ਮੰਡੂਆ)

'ਯ' ਦਾ ਲੋਪ : ਪ੍ਰਾਕ੍ਰਿਤ ਤੇ ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਪ੍ਰਿਯ	ਪਿਅ	ਪੀਆ
ਹ੍ਰਿਦਯ	ਹਿਅਅ	ਹੀਆ, ਹਿਰਦਾ
ਜਯ	ਜਅ	ਜੈ

'ਵ' ਦਾ ਲੋਪ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਅਰਥ
ਕੌਰਵ	ਕਉਰਵ	ਕੌਰਵ

'ਵ' ਦਾ ਲੋਪ : ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਦੇਵੀ	ਦੇਈ	ਦੇਈ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਜੀਵ-ਜੰਤੁ	ਜੀਅ-ਜੰਤ	ਜੀਆ-ਜੰਤ
ਦੇਵ	ਦੇਅ	ਦੇ
ਨਵ	ਨਅ	ਨੌਂ
ਯਵ	ਜਅ	ਜੌਂ
ਨਾਵ	ਨਾਅ	ਨਾਓਂ
ਵਿਵਾਹ	ਵਿਆਹ	ਵਿਆਹ
ਭਵ	ਭਅ	ਭੈ (ਸਾਗਰ)

ਚੌਥਾ ਨਿਯਮ : ਸੰਸਕ੍ਰਿਤ ਦੇ ਬਹੁਤ ਸਾਰੇ ਮਹਾਪ੍ਰਾਣ (ਖ, ਘ, ਠ, ਥ, ਧ, ਮ ਆਦਿ) ਪ੍ਰਾਕ੍ਰਿਤ ਤੇ ਪੰਜਾਬੀ ਵਿਚ ਆ ਕੇ 'ਹ' ਵਿਚ ਪਰਿਣਤ ਹੋ ਜਾਂਦੇ ਹਨ।

'ਖ' ਦਾ 'ਹ' ਬਣਨਾ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਮੁਖ	ਮੁਹ	ਮੂੰਹ
ਸਖੀ	ਸਹੀ	ਸਖੀ, ਸਹੀ (ਸਹੇਲੀ)
ਨਖ	ਨਹ	ਨੌਂਹ (ਨਹੌਂ)

'ਖ' ਦਾ 'ਹ' ਬਣਨਾ : ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਮੁਖ	ਮੁਹ	ਮੂੰਹ
ਸਖ+ਯਹ	ਸਹੀਓ	ਸਹੀਓ (੧)
ਨਖ	ਨਹ	ਨੌਂਹ (ਨਹੌਂ)
ਸੁਖਾਯਨ	ਸੁਹਾਯਨ	ਸੁਹਾਵਣਾ

(੧) 'ਹੀਰ ਵਾਰਿਸ ਸ਼ਾਹ'

'ਘ' ਦਾ 'ਹ' ਵਿਚ ਬਦਲਣਾ : ਪ੍ਰਾਕ੍ਰਿਤ ਦੇ ਉਦਾਹਰਣ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਰਾਘਵ	ਰਾਹਵ	ਰਾਘਵ

ਮੇਘ	ਮੇਹ	ਮੀਂਹ

'ਘ' ਦਾ 'ਹ' ਵਿਚ ਬਦਲਣਾ : ਪੰਜਾਬੀ ਦੇ ਉਦਾਹਰਣ

ਸੰਸਕ੍ਰਿਤ	ਨਿਰੂਪਣ	ਪੰਜਾਬੀ
ਮੇਘ	ਮੇਹ	ਮੇਂਹ, ਮੀਂਹ
ਪ੍ਰਾਘੁਣਕ	ਪ੍ਰਾਹੁਣਅ	ਪ੍ਰਾਹੁਣਾ

ਪ੍ਰਾਕ੍ਰਿਤ ਵਿਚ 'ਘ' ਲਗਭਗ ਸਦਾ ਹੀ 'ਹ' ਵਿਚ ਬਦਲ ਜਾਂਦਾ ਹੈ, ਪਰ ਪੰਜਾਬੀ ਨੇ ਮੁੱਢ ਤੋਂ ਹੀ ਬਹੁਤ ਸਾਰੇ ਸ਼ਬਦਾਂ ਵਿਚ ਇਹ ਆਵਾਜ਼ ਬਚਾ ਕੇ ਰੱਖੀ ਹੈ। ਜਿਵੇਂ:-

ਸੰਸਕ੍ਰਿਤ	ਪੰਜਾਬੀ
ਸੰਘ	ਸੰਘ
ਲੰਘਨ	ਲੰਘਣਾ
ਜੰਘੀਰ	ਜਾਂਘੀਆ

ਕੁਝ ਹੋਰ ਮਹਾਪ੍ਰਾਣ ਵਰਣਾਂ ਦੇ 'ਹ' ਵਿਚ ਪਰਿਣਤ ਹੋ ਜਾਣ ਦੇ ਉਦਾਹਰਣ

ਪ੍ਰਾਕ੍ਰਿਤ

ਵਰਣ	ਸੰਸਕ੍ਰਿਤ	ਪ੍ਰਾਕ੍ਰਿਤ	ਅਰਥ
ਥ	ਕਥਯ	ਕਹੇਹਿ	ਕਹੀਂ, (=ਆਖੀਂ)
ਧ	ਸਾਧੁ	ਸਾਹੁ	ਸਾਹੂ
ਧ	ਮਧੁ	ਮਹੁ	ਮਧੂ, ਮਧ
ਫ	ਸ਼ਿਫਾਲਿਕਾ	ਸੇਹਾਲਿਆ	ਇਕ ਫਲ
ਭ	[illegible]	ਹੋਦੁ	ਹੋਊ, ਹਊ

ਪੰਜਾਬੀ ਵਿਚ ਮਹਾਪ੍ਰਾਣ ਵਰਣਾਂ ਦੇ 'ਹ' ਵਿਚ ਬਦਲ ਜਾਣ ਦੀਆਂ ਬੜੀਆਂ ਮਸਾਲਾਂ ਹਨ। ਹੇਠਾਂ ਨਮੂਨੇ ਦੇ ਤੌਰ ਤੇ ਕੁਝ ਦਿੱਤੀਆਂ ਜਾਂਦੀਆਂ ਹਨ। 'ਸ਼' ਅਤੇ 'ਸ' ਵੀ ਕਦੀ 'ਹ' ਬਣ ਜਾਂਦੇ ਹਨ।

ਵਰਣ	ਸੰਸਕ੍ਰਿਤ	ਨਿਰੂਪਣ	ਪੰਜਾਬੀ
ਠ	ਕਠਾਰ	ਕੁਹਾਰ	ਕੁਹਾੜਾ

ਖ	ਗੁਖ	ਗੁਹ	ਘੂੰਹ
	ਕਥਯ	ਕਹਅ	ਕਹ (ਆਖ)
	ਸ਼ਪੱਥ	ਸਵਹ = ਸਉਹ	ਸੌਂਹ
	ਕਥਿਤ	ਕਹਿਅ	ਕਹਿਆ
	ਕਥਾਨਕੀ	ਕਹਾਣਈ	ਕਹਾਣੀ
ਧ	ਦਧਿ	ਦਹਿ	ਦਹੀ
	ਅਧਸ+ਤਾਤ	ਹੱਠਾ	ਹੇਠਾਂ
	ਅਧੁਨਾ	ਹਣਾ	ਹੁਣ
	ਵਧੂ	ਵਹੂ	ਬਹੂ
	ਵਧੂਟੀ	ਵਹੂਟੀ	ਵਹੁਟੀ
ਭ	ਸ਼ੋਭਨ	ਸੋਹਨ	ਸੋਹਣਾ
	ਭਵਤੁ	ਹਅਉ	ਹੋਊ, ਹਉ
	ਗਰ+ਦਭ	ਗੱਦਹ	ਗਦਹਾ, ਗਧਾ
ਸ਼	ਵਰ+ਸ਼	ਵਰਹ	ਵਰ੍ਹਾ
	ਵਿੰਸ਼	ਵਿਸ, ਵਿਹ	ਵੀਹ
	ਤ੍ਰਿੰਸ਼	ਤ੍ਰਿਹ	ਤ੍ਰਿਹ, ਤੀਹ
	ਸ਼ਸ਼	ਸਹ	ਸੈਹਾ
ਸ		ਰਹ	ਰੋਹ (ਰਓ)

ਙ, ਞ ਅਤੇ ਢ ਦੇ 'ਹ' ਵਿਚ ਬਦਲਣ ਦੇ ਕੋਈ ਉਦਾਹਰਣ ਨਾ ਪ੍ਰਾਕ੍ਰਿਤ ਵਿਚ ਲੱਭੇ ਹਨ, ਨਾ ਪੰਜਾਬੀ ਵਿਚ।

ਪੰਜਵਾਂ ਨਿਯਮ : ਕਈ ਥਾਵਾਂ ਤੇ ਸੰਸਕ੍ਰਿਤ ਦੇ ਦੋਵੇਂ 'ਸ਼' ਕੇਵਲ 'ਸ' ਬਣ ਜਾਂਦੇ ਹਨ, ਅੱਗੇ 'ਹ' ਤਕ ਨਹੀਂ ਵਿਗੜਦੇ। ਇਹ ਨਿਯਮ ਪ੍ਰਾਕ੍ਰਿਤ ਤੇ ਪੰਜਾਬੀ ਵਿਚ ਬਿਲਕੁਲ ਇਕ ਜਿਹਾ ਹੈ ਅਤੇ ਕਈ ਪ੍ਰਾਕ੍ਰਿਤ ਦੇ ਔਖੇ ਸ਼ਬਦਾਂ ਦਾ ਅਰਥ ਕਰਨ ਲਈ ਪੰਜਾਬੀ ਦੀ ਸਹਾਇਤਾ ਲਈ ਜਾ ਸਕਦੀ ਹੈ।

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਅਵਸ਼+ਯਾਯ	ਓਸ	ਓਸ
ਕੇਸ਼	ਕੇਸ	ਕੇਸ
ਵੇਸ਼	ਵੇਸ	ਵੇਸ

ਵ੍ਸ਼	ਵਸ	ਵੱਸ
ਸ਼ੱਯਾ	ਸੇਜੇ	ਸੇਜ
ਸ਼ਰੀਰ	ਸਰੀਰ	ਸਰੀਰ
ਸ਼ਿਰ	ਸਿਰ	ਸਿਰ
ਸ਼ੀਰ+ਸ਼	ਸੀਸ	ਸੀਸ
ਦੇਸ਼	ਦੇਸ	ਦੇਸ
ਦਸ਼	ਦਸ	ਦਸ
ਸ਼੍ਰਿੰਗ	ਸਿੰਗ	ਸਿੰਗ
ਰਸ਼+ਮੀ	ਰੱਸੀ	ਰੱਸੀ (ਰਾਸ)
ਸ਼ਸ਼+ਠੀ	ਸੱਠ	ਸੱਠ
ਈਸ਼+ਵਰ	ਇੱਸਰ	ਈਸਰ
ਸ਼੍ਰਿੰਗਾਰ	ਸਿੰਗਾਰ	ਸਿੰਗਾਰ
ਸ਼ਿਕ+ਸ਼ਾ	ਸਿੱਖਾ	ਸਿੱਖ (ਮੱਤ)
ਸ਼ਰਤ	ਸਰਦ	ਸਰਦ

ਇਹ ਸੂਚੀ ਬੇ-ਅੰਤ ਵਧਾਈ ਜਾ ਸਕਦੀ ਹੈ, ਪਰ ਸਾਡੇ ਮਤਲਬ ਲਈ ਇਨੀ ਹੀ ਕਾਫ਼ੀ ਹੈ।

<u>ਛੇਵਾਂ ਨਿਯਮ</u> : ਸੰਸਕ੍ਰਿਤ ਦਾ 'ਯ' ਵਿਸ਼ੇਸ਼ ਅਵਸਥਾਵਾਂ ਵਿਚ ਪ੍ਰਾਕ੍ਰਿਤ ਅਤੇ ਪੰਜਾਬੀ ਵਿਚ ਆ ਕੇ 'ਜ' ਹੋ ਜਾਂਦਾ ਹੈ। ਜਿਵੇਂ :

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਯਦਿ	ਜਦਿ, ਜਇ	ਜੇ
ਯੌਵਨ	ਜੋਬੱਨ	ਜੋਬਨ
ਯੋਗ+ਯ	ਜੋਗੱ	ਜੋਗਾ
ਸੰਯਮ	ਸੰਜਮ	ਸੰਜਮ
ਯੋ	ਜੋ	ਜੋ
ਯਸ਼ਸ	ਜਸੋ	ਜਸ
ਯੋਗੀ	—	ਜੋਗੀ
ਯੁਗ+ਮ	—	ਜੋਗ (ਬਲਦਾਂ ਦੀ)
ਯਗ	—	ਜੁਗ
ਯਮ-ਦੂਤ	—	ਜਮਦੂਤ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ
ਯਵ	—	ਜੌਂ
ਯੋਗ	—	ਜੂਆ (ਜੋਗਲਾ)
ਯਤ੍ਰ	ਜੱਥ	ਜਿੱਥੇ
ਯਥਾ	ਜਹ	ਜਿਹਾ

ਸਤਵਾਂ ਨਿਯਮ : ਸੰਸਕ੍ਰਿਤ ਦੇ ਅਘੋਸ਼ ਵਰਨ ਪ੍ਰਾਕ੍ਰਿਤ ਅਤੇ ਪੰਜਾਬੀ ਵਿਚ ਆ ਕੇ ਆਪਣੇ ਅਨੁਰੂਪ ਸਘੋਸ਼ (ਕ, ਗ, ਤ, ਦ, ਇਤਿਆਦਿ) ਵਿਚ ਬਦਲ ਲੈਂਦੇ ਹਨ।

ਪ੍ਰਾਕ੍ਰਿਤ ਦੇ ਉਦਾਹਰਣ

ਵਰਣ	ਸੰਸਕ੍ਰਿਤ	ਪ੍ਰਾਕ੍ਰਿਤ
ਤ=ਦ	ਸ਼ਕੁੰਤਲਾ	ਸਉਂਦਲਾ
	ਵੇਦ ਵਤੀ	ਵੇਦ ਵਦੀ
	ਸ਼ਰਤ	ਸਰਦ
ਕ=ਗ	ਲੋਕ	ਲੋਗ ('ਮਹਾਵੀਰ ਵਾਣੀ')

ਪੰਜਾਬੀ ਦੇ ਉਦਾਹਰਣ

ਵਰਣ	ਸੰਸਕ੍ਰਿਤ	ਪੰਜਾਬੀ
ਕ=ਗ	ਸ਼ੋਕ	ਸੋਗ
	ਮਕਰ	ਮਗਰ (ਮੱਛ)
	ਸ਼ਾਕ	ਸਾਗ
	ਅੰਕ	ਅੰਗ (ਹਿੰਦਸੇ)
	ਸ਼ੰਕਾ	ਸੰਗ (ਝੇਂਪ)
	ਪਰ+ਯੰਕ	ਪਲੰਗ
ਖ=ਘ	ਸ਼ੰਖ	ਸੰਘ (=ਸੰਗੁ=ਗਲਾ)
	ਪੰਖ (ਪੰਜਾਬੀ)	ਪੰਘ (=ਢੰਗ, ਵਰਣ-ਵਿਪਰਜਯ ਨਾਲ)
ਚ=ਜ	ਪੰਚ	ਪੰਜ
	ਪੰਚਕ	ਪੰਜਾ
	ਮੰਚਕ	ਮੰਜਾ

ਵਰਣ	ਸੰਸਕ੍ਰਿਤ	ਪੰਜਾਬੀ
	ਕੁੰਚੀ	ਕੁੰਜੀ
	ਵੰਚਿਤ	ਵਾਂਜਿਆ
ਛ=ਝ	ਕੁਛ (ਹਿੰਦੀ)	ਕੁਝ
	ਪੂੰਛਨਾ (ਹਿੰਦੀ)	ਪੂੰਝਣਾ
	ਮੂਹ+ਛਾ	ਮੁਰਝਾ (ਨਾ)
ਟ=ਡ, ੜ	ਵਟ	ਬੜ, ਬੋੜ੍ਹ
	ਘਟੀ	ਘੜੀ
	ਕੰਟਕ	ਕੰਡਾ
	ਘਟਕ	ਘੜਾ
	ਵੰਟਨ	ਵੰਡਨ
	ਘੋਟਕ	ਘੋੜਾ
	ਕਰ+ਪਟ	ਕਪੜਾ
	ਕੀਟਕ	ਕੀੜਾ
ਠ=ਢ	ਕੁਸ਼+ਠ	ਕੋਢ (=ਕੋੜ੍ਹ)
	ਗ੍ਰੰਥ (=ਗੰਠ)	ਗੰਢ (=ਗੰੜ੍ਹ)
	ਕ+ਸ਼੍ਰਾਥ (=ਕਾਠ)	ਕਾਢ (=ਕਾੜ੍ਹ)
	ਪਠ	ਪੜ੍ਹ (=ਪਢ)
ਤ=ਦ	ਦੰਤ	ਦੰਦ
	ਅੰਤਰ	ਅੰਦਰ
	ਸ਼ਰਤ	ਸਰਦ
	ਸੰਕ੍ਰਾਂਤਿ	ਸੰਗਰਾਂਦ
	ਸੁਖ-ਸ਼ਾਂਤਿ	ਸੁਖ-ਸਾਂਦ
	ਤੰਤੁ	ਤੰਦ
	ਅੰਤ੍ਰ	ਆਂਦਰ
ਥ=ਧ	ਮੰਥਨੀ	ਮਧਾਣੀ
ਪ=ਬ	ਚੰਪਾ	ਚੰਬਾ (ਚਮੇਲੀ)
	ਕੰਪਨ	ਕੰਬਣਾ
	ਕੰਪਿਤ	ਕੰਬਦਾ
	ਪੰਚਾਪ	ਪੰਜਾਬ

ਵਿਅੰਜਨਾਂ ਵਿਸ਼ੇ ਇਕ ਮੋਟਾ ਨਿਯਮ ਹੋਰ ਦੱਸ ਕੇ ਅਸੀਂ ਇਕ-ਦੋ ਗੱਲਾਂ ਸਵਰਾਂ ਬਾਰੇ ਦੱਸਾਂਗੇ ।

ਅੱਠਵਾਂ ਨਿਯਮ : ਸੰਸਕ੍ਰਿਤ ਦੇ ਸ਼ਬਦ ਪ੍ਰਾਕ੍ਰਿਤ ਅਤੇ ਪੰਜਾਬੀ ਵਿਚ ਆ ਕੇ ਤ-ਵਰਗ ਦੇ ਵਰਣਾਂ ਨੂੰ ਅਨੁਵਰਤੀ ਚ-ਵਰਗ ਵਿਚ ਪਲਟ ਦਿੰਦੇ ਹਨ। ਜਿਵੇਂ:

ਪ੍ਰਾਕ੍ਰਿਤ ਦੇ ਉਦਾਹਰਣ

ਵਰਣ	ਸਮਸਕ੍ਰਿਤ	ਪ੍ਰਾਕ੍ਰਿਤ	ਅਰਥ
ਤ=ਚ	ਵਤ+ਸ	ਵੱਛ	ਬੱਛਾ, ਬੱਚਾ
	ਸਤ+ਯ	ਸੱਚ	ਸੱਚ
	ਮਤ+ਸ+ਯ	ਮੱਛ	ਮੱਛ
ਦ=ਜ	ਅਦ+ਯ	ਅੱਜ	ਅੱਜ
	ਵਿਦ+ਯੁਤ	ਵਿੱਜੁ	ਬਿਜ
ਧ=ਝ	ਮਧ+ਯਮ	ਮੱਝਮ	ਮਝਲਾ
	ਮਧ+ਯ	ਮੱਝ	ਵਿਚਕਾਰ

ਪੰਜਾਬੀ ਦੇ ਉਦਾਹਰਣ

ਵਰਣ	ਸੰਸਕ੍ਰਿਤ	ਪੰਜਾਬੀ
ਤ=ਚ	ਸਤ+ਯ	ਸੱਚ
	ਵਤ+ਸ	ਬੱਛਾ, ਬੱਚਾ
	ਨਰ+ਤਨ	ਨਚਣਾ
	ਨ੍ਰਿਤ+ਯ	ਨਾਚ
	ਮਤ+ਸ+ਯ	ਮੱਛ
ਦ=ਜ	ਅਦ+ਯ	ਅੱਜ
	ਵੈਦ+ਯਨਾਥ	ਬੈਜਨਾਥ
	ਖਾਦ+ਯ	ਖਾਜਾ
	ਵਾਦ+ਯ	ਬਾਜਾ
	ਅਨਾਦ+ਯ	ਅਨਾਜ
	ਦ+ਯੁਤ	ਜੂਆ
ਧ=ਝ	ਵੰਧ+ਯਾ	ਬੰਝ
	ਧੀਵਰ	ਝੀਵਰ, ਝੀਊਰ, ਝੀਰ

ਸੰਸਕ੍ਰਿਤ	ਪੰਜਾਬੀ
ਮਧ+ਜਧਾਰਾ	ਮੱਝਧਾਰ
ਬੱਧ	ਬੱਧਾ, ਬੱਝਾ
ਲਬ+ਧ	ਲੱਭਾ, ਲੱਝਾ
ਬੁੱਧ	ਬੁੱਝ

ਇਹ ਦੱਸਣ ਦੀ ਲੋੜ ਨਹੀਂ ਕਿ 'ਵ' ਅਤੇ 'ਬ' ਦੀ ਆਵਾਜ਼ ਵਿਚ ਫਰਕ ਇੰਨਾ ਥੋੜ੍ਹਾ ਹੈ ਕਿ ਬੋਲ-ਚਾਲ ਵਿਚ ਅਕਸਰ 'ਵ' 'ਬ' ਵਿਚ ਤਬਦੀਲ ਹੋ ਜਾਂਦਾ ਹੈ। (ਵਥਜੋਰ-ਭੇਦਹ)। ਇਸ ਤਰ੍ਹਾਂ 'ਨ' ਅਤੇ 'ਲ' ਵਿਚ ਵੀ ਕਦੀ-ਕਦੀ ਅਦਲੀ ਬਦਲੀ ਹੋ ਜਾਂਦੀ ਹੈ। ਜਿਵੇਂ:

ਨੀਲਾਰੀ	=	ਲਲਾਰੀ
ਨੀਲਾਮ	=	ਲਲਾਮ
ਨੀਤਾ	=	ਲੀਤਾ

'ਰ' ਦੇ 'ਲ' ਹੋਣ ਦੇ ਵੀ ਕਈ ਉਦਾਹਰਣ ਮਿਲਦੇ ਹਨ। ਵ, ਨ ਅਤੇ ਰ ਦੀ ਥਾਂ ਕ੍ਰਮ-ਪੂਰਬਕ ਬ, ਲ ਅਤੇ ਲ ਹੋ ਜਾਣਾ ਸਧਾਰਣ ਲੋਕਾਂ ਦੀ ਢਿੱਲ ਦੇ ਕਾਰਣ ਹੈ। ਇਨ੍ਹਾਂ ਤੋਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਇਹ ਪਰੀਵਰਤਨ ਪੰਜਾਬੀਆਂ ਦੀ ਕਿਸੇ ਸ਼ਰੀਰਕ ਬਣਤਰ ਉਤੇ ਨਿਰਭਰ ਹੈ।

ਜੁਗਲ ਸ਼ਬਦ

ਕਦੀ-ਕਦੀ ਇੱਕੋ ਹੀ ਮੂਲ ਸੰਸਕ੍ਰਿਤ ਸ਼ਬਦ ਤੋਂ ਪੰਜਾਬੀ ਵਿਚ ਆ ਕੇ ਦੋ ਸ਼ਬਦ ਬਣ ਜਾਂਦੇ ਹਨ, ਜਿਨ੍ਹਾਂ ਦੇ ਅਰਥ ਥੋੜੇ ਭਿੰਨ ਹੁੰਦੇ ਹਨ। ਇਨ੍ਹਾਂ ਨੂੰ 'ਜੁਗਲ ਸ਼ਬਦ' ਜਾਂ 'ਡਬਲੇਟ' (Dublet) ਆਖਦੇ ਹਨ। ਅੰਗ੍ਰੇਜ਼ੀ ਵਿਚ ਇਨ੍ਹਾਂ ਦਾ ਬੜਾ ਸੁਹਣਾ ਉਦਾਹਰਣ 'ਕੈਪਟਨ' ਅਤੇ 'ਚੀਫ਼ਟਨ' ਹੈ। ਪੰਜਾਬੀ ਵਿਚ ਜੁਗਲ ਸ਼ਬਦਾਂ ਦੀਆਂ ਅਸੰਖ ਮਸਾਲਾਂ ਹਨ, ਪਰ ਭਾਵ ਪ੍ਰਕਟ ਕਰਨ ਲਈ ਅਸੀਂ ਕੇਵਲ ਚਾਰ ਪੇਸ਼ ਕਰਦੇ ਹਾਂ।

(੧) 'ਕੰਮ' ਅਤੇ 'ਕਰਮ'

ਦੋਨੋਂ ਸੰਸਕ੍ਰਿਤ ਦੇ 'ਕਰ+ਮ' ਤੋਂ ਨਿਕਲੇ ਹਨ। 'ਕੰਮ' ਪ੍ਰਾਕ੍ਰਿਤ ਰਾਹੀਂ ਪੰਜਾਬੀ ਵਿਚ ਆਇਆ ਹੈ, 'ਕਰਮ' ਸਿੱਧਾ ਸੰਸਕ੍ਰਿਤ ਤੋਂ। ਦੋਵਾਂ ਦਾ ਮੂਲ ਇਕ ਹੈ। ਪਰ ਅਰਥਾਂ ਵਿਚ ਭਿੰਨਤਾ ਹੈ।

'ਕੰਮ'=ਕੀਤੀ ਗਈ ਕਿਰਿਆ

'ਕਰਮ'=ਜਿਨ੍ਹਾਂ ਕੰਮਾਂ ਦਾ ਫਲ ਮਿਲਨਾ ਹੈ।

(੨) 'ਬੱਛਾ' ਅਤੇ 'ਬਛੇਰਾ'

ਦੋਵੇਂ 'ਵਤ+ਸ' (=ਬੱਚਾ) ਤੋਂ ਬਣੇ ਹਨ।

'ਬੱਛਾ'=ਗਊ ਦਾ ਜਾਇਆ।

'ਬਛੇਰਾ'=ਘੋੜੀ ਦਾ ਬੱਚਾ।

(੩) 'ਚੱਕਾ' ਅਤੇ 'ਚਕਲਾ'

ਦੋਵੇਂ ਪ੍ਰਾਕ੍ਰਿਤ ਰਾਹੀਂ 'ਚਕ੍ਰ' ਤੋਂ ਨਿਕਲੇ ਹਨ।

'ਚੱਕਾ'=ਬੜਾ ਸਾਰਾ ਘੁੰਮਣ-ਵਾਲਾ ਪਹੀਆ।

'ਚਕਲਾ'=ਰੋਟੀਆਂ ਵੇਲਣ ਵਾਲੀ ਗੋਲ ਸਿਲ।

(੪) 'ਗੱਲ' ਅਤੇ 'ਗੱਪ'

ਸੰਸਕ੍ਰਿਤ ਵਿਚ ਗੱਲਾਂ ਕਰਨ ਨੂੰ 'ਜਲ+ਪ' ਕਹਿੰਦੇ ਹਨ (ਵੇਖੋ 'ਮੇਘਦੂਤ'-"ਜਲ+ਪਤੇ ਰਕ੍ਰਮੇਣ") ਲੋਕਾਂ ਨੇ ਉਥੋਂ 'ਗਲਪ' (=ਗਲ+ੱਪ) ਬਣਾ ਲਿਆ। ਪ੍ਰਾਕ੍ਰਿਤ ਦੇ ਨਿਯਮਾਨੁਸਾਰ ਉਸੇ ਮੂਲ ਤੋਂ ਦੋ ਸ਼ਬਦ ਬਣੇ:

'ਗੱਲ'=ਬਾਤ

'ਗੱਪ'=ਵਧਾਈ ਹੋਈ ਗੱਲ।

'ਗਲਪ' ਅਲਗ ਵੀ ਚਲਦਾ ਹੈ, ਜਿਸ ਦਾ ਅਰਥ ਹੈ 'ਛੋਟੀ ਕਹਾਣੀ'।

ਚੌਥਾ ਭਾਗ : ਵਿਵਿਧ ਉਦਾਹਰਣ

ਪਹਿਲਾ:- ਸ਼ਬਦਾਂ ਦੇ ਪਹਿਲੇ ਵਰਣਾਂ ਦਾ ਲੋਪ ਹੋਣਾ

ਕਿਸੇ ਸ਼ਬਦ ਦਾ ਪਹਿਲਾ ਵਰਣ ਜੇ ਖ਼ਤੀ ਮਹੱਤਾ ਦਾ ਨਾ ਹੋਵੇ, ਤਾਂ ਮਨੁੱਖ ਦੀ ਵਰਿਤੀ ਉਸ ਨੂੰ ਉੜਾ ਦੇਣ ਦੀ ਹੁੰਦੀ ਹੈ। ਰੋਮਨ ਸਾਲ ਦਾ ਅੱਠਵਾਂ ਮਾਸ 'ਅਗਸਤ' ਹੈ; ਇਸ ਨੂੰ ਮੱਧ ਯੂਰੋਪ ਵਿਚ 'ਔਗੁਸਤ' ਕਹਿੰਦੇ ਹਨ, ਪਰ ਅਲਬਾਨੀਆ ਦੀ ਬੋਲੀ ਵਿਚ ਇਸ ਨੂੰ 'ਗਸਤ' ਹੀ ਕਹਿ ਦਿੰਦੇ ਹਨ। ਸੰਸਕ੍ਰਿਤ ਤੋਂ ਪਾਲੀ ਅਤੇ ਪ੍ਰਾਕ੍ਰਿਤ ਬਣਦੇ ਵੇਲੇ ਵੀ ਕਈ ਸ਼ਬਦਾਂ ਦਾ ਪਹਿਲਾ ਅੱਖਰ ਉਡ ਜਾਂਦਾ ਹੈ। ਜਿਵੇਂ :—

ਸੰਸਕ੍ਰਿਤ	ਪਹਿਲਾ ਵਰਨ	ਪ੍ਰਾਕ੍ਰਿਤ	ਅਰਥ
ਇਦਾਨੀ	ਇ	'ਦਾਣਿੰ	ਹੁਣ
ਇਤੀ	ਇ	' ਤਿ	ਇਹ
ਅਪਿ	ਅ	' ਵਿ	ਵੀ

ਪੰਜਾਬੀ ਵਿਚ ਇਹ ਸੁਭਾ ਬੜਾ ਪ੍ਰਬਲ ਹੈ ; ਨਾ ਕੇਵਲ ਸੰਸਕ੍ਰਿਤ ਸ਼ਬਦਾਂ ਦੇ ਪਹਿਲੇ ਅੱਖਰ ਉਡ਼ਾ ਕੇ ਕਈ ਪੰਜਾਬੀ ਸ਼ਬਦ ਬਣਾਏ ਜਾਂਦੇ ਹਨ। ਸਗੋਂ ਪੰਜਾਬੀ ਦੇ ਠੇਠ ਆਪਣੇ ਸ਼ਬਦਾਂ ਨੂੰ ਵੀ ਇੰਞ ਸੰਖੇਪ ਕਰਨ ਦਾ ਖ਼ੂਬ ਰਿਵਾਜ ਹੈ। ਹੇਠਾਂ ਅਸੀਂ ਕੁਝ ਅਜੇਹੇ ਸੰਸਕ੍ਰਿਤ ਸ਼ਬਦ ਦਿੰਦੇ ਹਾਂ, ਜਿਨ੍ਹਾਂ ਵਿਚ ਇਹ ਨਿਯਮ ਵੀ ਲਾਗੂ ਹੁੰਦਾ ਹੈ, ਅਤੇ ਹੋਰ ਵੀ। ਇਨ੍ਹਾਂ ਉਦਾਹਰਣਾਂ ਤੋਂ ਪਾਠਕਾਂ ਨੂੰ ਚੰਗੀ ਤਰ੍ਹਾਂ ਵਿਦਿਤ ਹੋ ਜਾਏਗਾ ਕਿ ਜਿਸ ਵੇਲੇ ਇੱਕੋ ਹੀ ਸ਼ਬਦ ਦੋ ਤਿੰਨ ਨਿਯਮਾਂ ਦੀ ਆਗਿਆ ਦਾ ਪਾਲਨ ਕਰਦਾ ਹੋਇਆ ਆਪਣਾ ਰੂਪ ਬਦਲਦਾ ਹੈ, ਤਾਂ ਉਹਨੂੰ ਕਈ ਵਾਰ ਪਹਿਚਾਨਣਾ ਵੀ ਔਖਾ ਹੋ ਜਾਂਦਾ ਹੈ।

ਸੰਸਕ੍ਰਿਤ	ਪਹਿਲਾ ਵਰਣ	ਨਿਰੂਪਣ	ਪੰਜਾਬੀ	ਅਰਥ (ਹਿੰਦੀ)
ਅਪਿ	ਅ	' ਵਿ	ਵੀ	ਭੀ
ਆਸੀਤ	ਆ	' ਸੀ	ਸੀ	ਥਾ (ਵਹ)
ਆਸਨ	ਆ	' ਸਨ	ਸਨ	ਥੇ (ਵੇ)
ਆਸਮ	ਆ	' ਸਮ	ਸਾਂ	ਥਾ (ਮੈਂ)
ਆਸੀਹ	ਆ	' ਸੀਹ	ਸੀ (ਸਾਂ)	ਥੇ (ਤੁਮ)
ਅਧੁਨਾ	ਅ	' ਹੁਣਾ	ਹੁਣ	ਅਬ
ਅਧਸ+ਤਾਤ	ਅ	' ਹੱਠਾ	ਹੇਠਾਂ	ਨੀਚੇ
ਇਰਾਵਤੀ	ਇ	' ਰਾਵਈ	ਰਾਵੀ	ਏਕ ਨਦੀ
ਆਰ+ਯ	ਆ	' ਜੱ	ਜੀ, ਅਜੀ	ਜੀ
ਆਸ਼ਿਸ਼	ਆ	' ਸਿਸ	ਸੀਸ	ਆਸ਼ੀਰਵਾਦ
ਏਕਾਦਸ਼	ਏ	' ਗਾਰਹ	ਗਿਆਰਾਂ	ਗਯਾਰਹ

ਪੰਜਾਬੀ ਦੇ ਠੇਠ ਆਪਣੇ ਜਾਂ ਵਿਦੇਸ਼ੀ ਸ਼ਬਦ, ਜਿਨ੍ਹਾਂ ਵਿਚੋਂ ਪਹਿਲਾ ਵਰਣ ਮਿਟਦਾ ਜਾ ਰਿਹਾ ਹੈ, ਕੁਝ ਇਹ ਹਨ :

ਮੂਲ ਸ਼ਬਦ	ਪਹਿਲਾ ਵਰਣ	ਪ੍ਰਚਲਿਤ ਰੂਪ
ਅਸਾਂ ਨੂੰ	ਅ	' ਸਾਨੂੰ

ਮੂਲ ਸ਼ਬਦ	ਪਹਿਲਾ ਵਰਣ	ਪ੍ਰਚਲਿਤ ਰੂਪ
ਅਸਾਂ ਤੋਂ	ਅ	' ਸਾਤੋਂ
ਅਸਾਂ ਦਾ	ਅ	' ਸਾਂਡਾ
ਅਤੇ	ਅ	' ਤੇ
ਅਫ਼ੀਮ	ਅ	' ਫ਼ੀਮ
ਅਖਾੜਾ	ਅ	' ਖਾੜਾ
ਅਵਾਈ	ਅ	' ਵਾਈ
ਇਕੱਤੀ	ਇ	' ਕੱਤੀ
ਇਕਾਹਟ	ਇ	' ਕਾਹਟ
ਇਕਹੱਤਰ	ਇ	' ਕਹੱਤਰ
ਇਲਾਇਚੀ	ਇ	' ਲੈਚੀ
ਉਪਰਨਾ	ਉ	' ਪਰਨਾ (ਅਗੋਛਾ)
ਉੱਤੇ	ਉ	' ਤੇ (ਪਰ)
ਉਬਟਨਾ	ਉ	' ਬਟਨਾ ਮਲਨਾ)
ਵਿਚ	ਵਿ	' ਚ (ਮੇਂ)
ਵਿਚੋਂ	ਵਿ	'ਚੋਂ (ਸੇ)
ਹਵੇਲਾ	ਹ	' ਵੇਲਾ

ਸੋ ਪਹਿਲਾ ਵਰਣ ਕਦੀ-ਕਦੀ ਉਡਾ ਦੇਣ ਦੀ ਪ੍ਰਾਕ੍ਰਿਤ ਦੀ ਵਰਿਤੀ ਅੱਜ ਤਕ ਪੰਜਾਬੀ ਵਿਚ ਵਿੱਦਮਾਨ ਹੈ।

ਦੂਜਾ

ਪ੍ਰਾਕ੍ਰਿਤ ਤੋਂ ਅਪਭ੍ਰੰਸ਼ ਕਾਲ ਤਾਈਂ ਅਪੜਦੇ ਅਪੜਦੇ ਇਕ ਨਵੀਂ ਪ੍ਰਵਿਰਤੀ ਪੰਜਾਬੀ ਵਿਚ ਉਤਪੰਨ ਹੋ ਜਾਂਦੀ ਹੈ। ਪ੍ਰਾਕ੍ਰਿਤ ਦੇ ਨਿਯਮ ਅਨੁਸਾਰ ਬਣਾਏ ਹੋਏ ਕਿਸੇ ਸ਼ਬਦ ਦੇ ਅੰਤ ਵਿਚ ਜੇ 'ਅ' ਰਹਿ ਜਾਏ (ਅਤੇ ਨੇੜੇ ਤੇੜੇ ਹੋਂਠਾ ਦੀ ਸਹਾਇਤਾ ਨਾਲ ਬੋਲਿਆ ਜਾਣ ਵਾਲਾ ਕੋਈ ਵਰਣ ਪ, ਵ, ਮ, ਆਦਿ— ਪ੍ਰਭਾਵ ਪਾ ਰਿਹਾ ਹੋਵੇ, ਤਦ ਤਾਂ ਅਵੱਸ਼ ਹੀ) 'ਅ' 'ਓ' ਜਾਂ 'ਆਉ' ਹੋ ਜਾਂਦਾ ਹੈ।

ਉਦਾਹਰਣ

ਸੰਸਕ੍ਰਿਤ	ਨਿਰੂਪਕ	ਪੰਜਾਬੀ
ਸ਼ਤ	ਸਅ	ਸੌ (ਸੋ)

ਸੰਸਕ੍ਰਿਤ	ਨਿਰੁਪਕ	ਪੰਜਾਬੀ
ਰਸ	ਰਹ	ਰੋਹ
ਯਵ	ਜਅ	ਜੌਂ
ਭਯ	ਭਅ	ਭੈ
ਨੌਂ (ਨਾਂਵ)	ਨਾਵ	ਨਾਓ
ਪਾਦ	ਪਾਵ (ਪਾਅ)	ਪਾਓ (ਪਾ)
ਨਵ	ਨਅ	ਨੌਂ
ਨਖ	ਨਖ	ਨੌਂਹ
ਸ਼ਪਥ	ਸਅਹ	ਸੌਂਹ
ਭਵ	ਭਅ	ਭੌਂ (=ਭੂਮ)
ਰਾਜ	ਰਾਅ	ਰਾਇ, ਰਾਓ
ਪਾਦ	ਪਾਅ	ਪਾਓ (=ਪਾਂਵ)
ਗ੍ਰਾਮ	ਗ੍ਰਾਅ, ਗਾਂਅ	ਗ੍ਰਾਂ, ਗਾਓਂ
ਨਾਮ	ਨਾਅੰ	ਨਾਉਂ

ਤੀਜਾ

ਸਵਰਾਂ ਦਾ ਵਰਣਨ ਕਰਦੇ ਵੇਲੇ ਸਾਡਾ ਵਾਹ ਇਕ ਬੜੇ ਵਚਿਤ੍ਰ ਸਵਰ ਨਾਲ ਪੈਂਦਾ ਹੈ, ਜਿਸ ਨੂੰ ਸੰਸਕ੍ਰਿਤ ਵਿਚ ਬੜਾ ਮਹੱਤਵ ਦਿੱਤਾ ਗਿਆ ਹੈ। ਪੰਜਾਬੀ ਵਿਚ ਉਸ ਨੂੰ ਅਸੀਂ 'ਰਿ' ਨਾਲ ਹੀ ਪ੍ਰਕਟ ਕਰਾਂਗੇ, ਪਰ ਸੰਸਕ੍ਰਿਤ ਵਿਚ ਇਸ ਦੀਆਂ ਛੋਟੀਆਂ ਤੇ ਲੰਮੀਆਂ, ਦੋਨੋਂ ਪ੍ਰਕਾਰ ਦੀਆਂ ਅਵਾਜ਼ਾਂ ਲਈ ਵਖਰੇ ਚਿੰਨ੍ਹ ਹਨ। ਸੰਸਕ੍ਰਿਤ ਦੇ ਚਾਰ ਅਦਭੁਤ ਸਵਰਾਂ--ਰਿ, ਰੀ ਅਤੇ ਲ੍ਰਿ, ਲ੍ਰੀ ਦੇ ਵਿਸ਼ੇ ਵਿਚ ਇੰਨੀ ਅਗਿਆਨਤਾ ਫੈਲੀ ਹੋਈ ਹੈ ਕਿ ਅੱਜ-ਕੱਲ੍ਹ ਦੇ ਕਈ ਲੇਖਕ ਇਨ੍ਹਾਂ ਨੂੰ ਸਵਰ ਮੰਨਣ ਤੋਂ ਹੀ ਇਨਕਾਰੀ ਹਨ। ਅਸੀਂ ਅੱਜ ਇਨ੍ਹਾਂ ਅਨੋਖੇ ਸਵਰਾਂ ਦੇ ਉੱਚਾਰਣ ਸੰਬੰਧੀ ਕਿਸੇ ਵਾਦ ਵਿਵਾਦ ਵਿਚ ਨਹੀਂ ਪੈਣਾ ਚਾਹੁੰਦੇ, ਕਿਉਂਕਿ ਉਸ ਦੀ ਚਰਚਾ ਸਾਡੇ ਅੱਜ ਦੇ ਪ੍ਰਸੰਗ ਤੋਂ ਬਾਹਰ ਦੀ ਗੱਲ ਹੈ। ਪਰ ਸੰਸਕ੍ਰਿਤ ਦੇ ਜਿਨ੍ਹਾਂ ਸ਼ਬਦਾਂ ਵਿਚ 'ਰਿ' ਆਉਂਦੀ ਹੈ, ਉਹ ਪ੍ਰਾਕ੍ਰਿਤ ਤੇ ਪੰਜਾਬੀ ਵਿਚ ਆ ਕੇ ਕੀ ਰੂਪ ਧਾਰਣ ਕਰਦੇ ਹਨ, ਇਸ ਦੀ ਖੋਜ ਸਾਡੇ ਲਈ ਅਤਿ ਪ੍ਰਸੰਗਿਕ ਹੋਵੇਗੀ।

'ਰਿ' ਦਾ ਸੰਸਕ੍ਰਿਤ ਵਿਚ ਠੀਕ ਉੱਚਾਰਣ 'ਰਿ' ਅਤੇ 'ਰੁ, ਦੋਹਾਂ ਤੋਂ ਨਿਆਰਾ ਹੈ, ਪਰ ਆਮ ਬੋਲਦੇ ਵੇਲੇ ਉੱਤਰ ਭਾਰਤ ਵਿਚ ਇਸ ਨੂੰ 'ਰਿ, ਅਤੇ ਦੱਖਿਣ ਵਿਚ 'ਰੁ' ਕਰਕੇ ਬੋਲਿਆ ਜਾਂਦਾ ਹੈ। ਪੰਜਾਬੀ ਅਤੇ ਹਿੰਦੀ ਵਿਚ ਜਿਸ ਨੂੰ ਅੰਮ੍ਰਿਤ ਆਖਦੇ ਹਨ, ਦੱਖਿਣ ਵਿਚ ਉਸ ਨੂੰ 'ਅੰਮ੍ਰੁਤ' ਕਿਹਾ ਜਾਂਦਾ ਹੈ। ਇਸੇ ਕਾਰਣ ਸਟੇਸ਼ਨਾਂ ਤੇ ਤੁਸੀਂ ਇਕ ਮਸ਼ਹੂਰ ਦਵਾਈ ਦਾ ਨਾਉਂ ਹਿੰਦੀ ਵਿਚ ਤਾਂ 'ਅੰਮ੍ਰਿਤਾਂਜਨ, ਲਿਖਿਆ ਵੇਖਿਆ ਹੋਵੇਗਾ, ਪਰ ਅੰਗ੍ਰੇਜ਼ੀ ਵਿਚ ਉਸ ਨੂੰ 'ਅੰਮਰੁਤਾਂਜਨ'

ਕਰਕੇ ਲਿਖਿਆਂ ਹੁੰਦਾ ਹੈ । ਪ੍ਰਾਕ੍ਰਿਤ ਵਿਚ, ਅਤੇ ਪੁਰਾਣੀ ਪੰਜਾਬੀ ਵਿਚ 'ਰਿ' ਦੀਆਂ ਦੋਵੇਂ ਅਵਾਜ਼ਾਂ ਚਲਦੀਆਂ ਸਨ । ਅੱਜ ਕੱਲ੍ਹ ਪੰਜਾਬੀ ਵਿਚ ਇਸ ਨੂੰ ਕੇਵਲ 'ਰਿ' ਕਰਕੇ ਪੜ੍ਹਿਆ ਜਾਂਦਾ ਹੈ ।

ਸੰਸਕ੍ਰਿਤ 'ਰਿ' ਦੇ ਥਾਂ 'ਉ' ਹੋ ਜਾਣ ਦੇ ਉਦਾਹਰਨ :

ਸੰਸਕ੍ਰਿਤ	ਪੰਜਾਬੀ	ਪ੍ਰਾਕ੍ਰਿਤ	ਪੁਸਤਕ
ਰਿਤੁ	ਰੁਤ	ਉਦੁ	ਕੁੰਦਮਾਲਾ
ਵ੍ਰਿਕ+ਸ਼	ਰੁੱਖ	ਰੁੱਖ	ਸ਼ਕੁੰਤਲਾ
ਸ੍ਰਿਣੁ	ਸੁਣ	ਸੁੱਣ	ਕੁੰਦਮਾਲਾ
ਪ੍ਰਿੱਛ	ਪੁੱਛ	ਪੁੱਛ	ਕੁੰਦਮਾਲਾ
ਵ੍ਰਿਧੱ	ਬੁੱਢਾ	ਬੁੱਢ	ਮਹਾਵੀਰ ਬਾਣੀ

ਸੰਸਕ੍ਰਿਤ 'ਰਿ' ਦੇ ਥਾਂ 'ਇ' ਹੋ ਜਾਣ ਦੇ ਉਦਾਹਰਣ

ਸੰਸਕ੍ਰਿਤ	ਪੰਜਾਬੀ	ਪ੍ਰਾਕ੍ਰਿਤ
ਰਿਣ	ਰਿਣ	ਰਿਣ
ਰਿਕ+ਸ਼	ਰਿੱਛ	ਰਿੱਛ
ਸ੍ਰਿੰਗ	ਸਿੰਗ	ਸਿੰਗ
ਕ੍ਰਿਤ	ਕੀਤਾ	ਕਿਦ
ਸ੍ਰਿੰਗਾਰ	ਸਿੰਗਾਰ	ਸਿੰਗਾਰ
ਹ੍ਰਿਦਯ	ਹੀਆ, ਹਿਰਦਾ	ਹਿਅਅ
ਪ੍ਰਿਸ਼+ਠ	ਪਿੱਠ	ਪਿੱਠ
ਦ੍ਰਿਸ਼+ਟ	ਡਿੱਠਾ	ਦਿੱਠਾ
ਕ੍ਰਿਪਾ	ਕਿਰਪਾ	ਕਿਵਾ

ਨਵੀਂ ਪੰਜਾਬੀ (ਅੱਠ ਨੌ ਸਾਲ ਤਕ ਦੀ) ਵਿਚ 'ਰਿ' ਦਾ ਪਰੀਵਰਤਨ ਕਿਵੇਂ ਹੁੰਦਾ ਹੈ, ਹੇਠਾਂ ਦਿੱਤੇ ਨਮੂਨਿਆਂ ਤੋਂ ਸਪੱਸ਼ਟ ਹੋ ਜਾਏਗਾ ।

ਸੰਸਕ੍ਰਿਤ	ਪੰਜਾਬੀ
ਕ੍ਰਿਪਾ	ਕਰਪਾ
ਵ੍ਰਿੰਦ੍ਰਾ	ਬਿੰਦਰਾ

ਸੰਸਕ੍ਰਿਤ	ਪੰਜਾਬੀ
ਹ੍ਰਿਦਯ	ਰਿਦਾ, ਹਿਆ
ਵ੍ਰਿਥਾ	ਬਿਰਥਾ
ਪ੍ਰਿਥ+ਵੀ	ਪਿਰਥੀ
ਵ੍ਰਿੱਧ	ਬਿਰਧ
ਕ੍ਰਿਤਿ	ਕਿਰਤ
ਕ੍ਰਿਤਘ+ਨ	ਕਿਰਤਘਨ
ਕ੍ਰਿਸਾਣ	ਕਿਸਾਨ
ਕ੍ਰਿਪਾਣ	ਕਿਰਪਾਨ
ਤ੍ਰਿਣ	ਤ੍ਰਿਣ, ਤਿਣ, ਤਿਨਕਾ
ਵ੍ਰਜ (=ਵ੍ਰਿਜ)	ਬਿਰਜ
ਕ੍ਰਿਸ਼+ਣ	ਕਿਸ਼ਨ
ਮ੍ਰਿਤਿਕਾ	ਮਿੱਟੀ
ਵ੍ਰਿੱਤ	ਬੱਟ, ਵੱਟ

ਇਸ ਸੂਚੀ ਤੋਂ ਪਤਾ ਚਲਦਾ ਹੈ ਕਿ ਪੰਜਾਬੀ ਨੇ 'ਰਿ' ਦੇ ਦੋਵੇਂ ਅੰਸ਼— 'ਰ' ਅਤੇ 'ਇ' ਬਚਾ ਕੇ ਰੱਖੇ ਹਨ। ਕੇਵਲ ਉਨ੍ਹਾਂ ਦਾ ਸ਼ਬਦ ਵਿਚ ਸਥਾਨਾਂਤਰ, ਅਰਥਾਤ ਥਾਂ ਦਾ ਇਕ-ਦੂਜੇ ਨਾਲ ਵੱਟਾ-ਸੱਟਾ, ਹੋ ਗਿਆ ਹੈ। (ਇਸ ਸੂਚੀ ਦੇ ਚਾਰ ਪੰਜ ਸ਼ਬਦ ਪਹਿਲੀ ਸੂਚੀ ਵਿਚ ਚਲੇ ਜਾਣੇ ਚਾਹੀਦੇ ਹਨ।)

ਚੌਥਾ

ਨਵੀਆਂ ਭਾਸ਼ਾਵਾਂ ਵਿਚ ਅੰਤਮ ਸਵਰਾਂ ਦਾ ਲੋਪ, ਪ੍ਰਾਕ੍ਰਿਤ ਤੋਂ ਇਕ ਭੇਦ

ਇਕ ਪੰਜਾਬੀ ਨੂੰ 'ਕੰਮ', 'ਸੱਤ' ਜਾਂ 'ਕੰਨ' ਲਿਖ ਕੇ ਪੜ੍ਹਨ ਨੂੰ ਕਿਹਾ ਜਾਏ, ਤਾਂ ਉਹ ਦੂਜੇ ਵਰਣ ਮ, ਤ, ਅਤੇ ਨ ਵਿਚ ਪ੍ਰਾਕ੍ਰਿਤ ਵਾਂਗੂ 'ਅ' ਅਵੱਸ਼ ਬੋਲੇਗਾ, ਪਰ ਕੋਈ ਪੰਜਾਬੀ ਜਾਂ ਹਿੰਦੀ ਬੋਲਣ ਵਾਲਾ ਉਸ 'ਅ' ਨੂੰ ਖਾ ਜਾਏਗਾ। ਉਨ੍ਹਾਂ ਦੇ ਵਿਚਾਰ ਵਿਚ 'ਕਾਮ', 'ਸਾਤ' ਜਾਂ ਕਾਨ ਦੇ ਮ, ਤ ਅਤੇ ਨ ਵਿਚ ਕੋਈ ਸਵਰ ਨਹੀਂ। ਪੰਜਾਬੀ ਵਿਚ ਵੀ ਅੰਤਮ 'ਅ' ਦੀ ਆਵਾਜ਼ ਅੱਧੀ ਕੁ ਹੈ, ਪੂਰੀ ਨਹੀਂ। ਇਹ ਨਵੀਆਂ ਭਾਸ਼ਾਵਾਂ ਦੀ ਇਕ ਨਵੀਂ ਹੀ ਪਈ ਹੋਈ ਆਦਤ ਹੈ, ਨਾ ਕੇਵਲ ਆਰੀਆ ਭਾਸ਼ਾਵਾਂ ਦੀ, ਬਲਕਿ ਦੂਜੀਆਂ ਦੀ ਵੀ। ਸ਼ਬਦ ਦੇ ਵਿਚ ਜਾਂ ਅੰਤ ਵਿਚ ਅ, ਇ ਅਤੇ ਉ ਹੋਣ, ਤਾਂ ਅਕਸਰ ਬੋਲੇ ਨਹੀਂ ਜਾਂਦੇ। ਜਿਵੇਂ:

ਭਾਸ਼ਾ	ਲਿਖਿਤ ਰੂਪ	ਉੱਚਾਰਣ	ਅਰਥ
ਤਮਿਲ	ਤਰਿਯਾਦੁ	ਤਰਿਆਦ	ਵਿਦਿਤ ਨਹੀਂ
	ਪਰਪੁ	ਪਰਪ	ਦਾਲ
ਤੇਲਗੂ	ਲੇਦੁ	ਲੇਦ	ਨਹੀਂ
	ਪੇਰੁ	ਪੇਰ	ਨਾਸ
	ਪਾਲੁ	ਪਾਲ	ਦੁੱਧ
	ਨੇਨੁ	ਨੇਨ	ਮੈਂ
ਬੰਗਲਾ	ਕਰਿਬੋ	ਕਰਬੋ	ਕਰੂੰਗਾ
	ਕਲਿਕਾਤਾ	ਕਲਕਾਤਾ	ਕਲਕੱਤਾ
	ਜਾਇਬੋ	ਜਾਬੋ	ਜਾਉਂਗਾ
	ਹੋਇਲੋ	ਹੋਲੋ	ਹੁਆ
ਅੰਗ੍ਰੇਜ਼ੀ	ਵਾਈਮਿ	ਵਾਈਮ	ਉਪ
	ਸਾਈਨਿ-ਡਾਈ	ਸਈਨ-ਡਾਈ	ਅਨਿਸ਼ਚਿਤ

ਪੰਜਾਬੀ ਵਿਚ ਪ੍ਰਾਕ੍ਰਿਤ ਤੋਂ ਆਈ ਹੋਈ ਅੰਤਮ 'ਅ' ਦੀ ਆਵਾਜ਼ ਤਾਂ ਔਧੀ ਕੁ ਬਚੀ ਹੋਈ ਹੈ, ਪਰ 'ਇ' ਅਤੇ 'ਉ' ਵੀ ਉਡ਼ ਕੇ 'ਅ' ਹੀ ਬਣ ਗਈ ਹੈ। ਉਦਾਹਰਣ :

ਸ੍ਵਰ	ਸੰਸਕ੍ਰਿਤ	ਪੰਜਾਬੀ	ਅਰਥ
ਇ	ਨਿਧੀ	ਨਿਧ	ਖ਼ਜ਼ਾਨਾ
	ਸਿੱਧਿ	ਸਿੱਧ	ਬਾਰਾਂ ਸਿੱਧ
	ਪ੍ਰੀਤਿ	ਪ੍ਰੀਤ	ਪਿਆਰ
	ਰੀਤਿ	ਰੀਤ	ਰਿਵਾਜ
	ਗਤਿ	ਗਤ	ਚਾਲ
	ਦੁਰ+ਗਤਿ	ਦੁਰਗਤ	ਬੁਰੀ ਦਸ਼ਾ
	ਰਾਸ਼ਿ	ਰਾਸ	ਤਾਰਾ-ਸਮੂਹ
	ਬੁੱਧਿ	ਬੁੱਧ	ਅਕਲ
	ਮਤਿ	ਮੱਤ	ਸਮਝ
	ਧਨਪਤਿ	ਧਨਪਤ	ਅਮੀਰ
	ਧਵਨਿ	ਧੁਨ	ਆਵਾਜ਼
	ਆਦਿ	ਆਦ	ਸ਼ੁਰੂ
ਉ	ਸਾਧੁ	ਸਾਧ	ਸਨਿਆਸੀ
	ਮਧੁ	ਮਧ	ਸ਼ਹਿਦ

ਸੰਸਕ੍ਰਿਤ	ਪੰਜਾਬੀ	ਅਰਥ
ਧਾਤੁ	ਧਾਤ	ਧਾਤ
ਗੁਰੁਦਵਾਰ	ਗੁਰਦੁਆਰਾ	ਧਰਮ-ਅਸਥਾਨ
ਗੁਰਮੁਖੀ	ਗੁਰਮੁਖੀ	ਲਿਪਿ-ਵਿਸ਼ੇਸ਼
ਤੰਤੁ	ਤੰਦ	ਧਾਗਾ
ਹਿੰਗੁ	ਹਿੰਗ	ਹਿੰਗ
ਜੀਵ-ਜੰਤੂ	ਜੀਅ-ਜੰਤ	ਜਾਨਵਰ
(ਚੀਜ਼)-ਵਸ+ਤੁ	ਚੀਜ਼-ਬਸਤ	ਚੀਜ਼ਾਂ
ਦਯਾਲੁ	ਦਯਾਲ, ਦਿਆਲ	ਦਯਾਵਾਨ
ਕ੍ਰਿਪਾਲੁ	ਕਿਰਪਾਲ	ਮੇਹਰਬਾਨ

ਪ੍ਰਾਕ੍ਰਿਤ ਵਿਚ ਸਵਰਾਂ ਤੋਂ ਬਿਨਾ ਵਿਅੰਜਨਾਂ ਦਾ ਮੂਲੋਂ ਹੀ ਅਭਾਵ ਹੈ। ਹਿੰਦੀ ਦੇ ਪ੍ਰਭਾਵ ਨਾਲ ਆਧੁਨਿਕ ਯੁਗ ਵਿਚ ਸੰਸਕ੍ਰਿਤ ਦੇ ਕਈ 'ਇਕਾਰ' ਅਤੇ 'ਉਕਾਰ' ਅੰਤ ਵਾਲੇ ਸ਼ਬਦ ਪੰਜਾਬੀ ਵਿਚ ਆ ਗਏ ਹਨ, ਪਰ ਪੰਜਾਬੀ ਨੇ ਆਪਣੀ ਮੌਲਕ ਰੀਤ ਛੱਡ ਕੇ ਉਨ੍ਹਾਂ ਦਾ ਹਿੰਦੀ ਉੱਚਾਰਨ ਅਪਣਾਇਆ ਹੈ। ਸਾਡੇ ਵਿਚਾਰ ਵਿਚ ਉਨ੍ਹਾਂ ਵਿਚ ਉਚਤ ਸੁਧਾਰ ਕਰਨ ਦੀ ਲੋੜ ਹੈ। ਉਦਾਹਰਣ :

ਪ੍ਰਚਲਤ ਹਿੰਦੀ ਉਚੱਾਰਣ	ਸ਼ੁੱਧ ਪੰਜਾਬੀ ਉਚੱਾਰਣ
ਲਿਪੀ	ਲਿਪਿ
ਨੀਤੀ	ਨੀਤਿ
ਪਤੀ	ਪਤਿ
ਕਵੀ	ਕਵਿ
ਰਵੀ	ਰਵਿ
ਗੁਰੂ	ਗੁਰੁ
ਸਾਧੂ	ਸਾਧੁ
ਮਤੀ	ਮਤਿ
ਸਮਿਤੀ	ਸਮਿਤਿ
ਉਤਪੱਤੀ	ਉਤਪੱਤਿ
ਧਵਨੀ	ਧਵਨਿ
ਮੁਨੀ	ਮੁਨਿ
ਆਦੀ	ਆਦਿ

ਪੰਜਵਾਂ

ਦੋ ਭਿੰਨ ਮੂਲਾਂ ਤੋਂ ਇਕ ਜਹੇ ਸ਼ਬਦਾਂ ਦੀ ਉਤਪੱਤੀ

ਸੰਸਕ੍ਰਿਤ ਤੋਂ ਪ੍ਰਾਕ੍ਰਿਤ ਅਤੇ ਪੰਜਾਬੀ ਬਨਾਉਣ ਦੇ ਬਹੁਤ ਸਾਰੇ ਨਿਯਮ ਅਸੀਂ ਵੇਖ ਚੁੱਕੇ ਹਾਂ। ਕਦੀ-ਕਦੀ ਦੋ ਵਖਰੇ ਸ਼ਬਦਾਂ ਤੋਂ ਦੋ ਭਿੰਨ-ਭਿੰਨ ਨਿਯਮਾਂ ਰਾਹੀਂ ਨਿਕਲੇ ਸ਼ਬਦਾਂ ਦਾ ਇਕ ਜਿਹਾ ਰੂਪ ਬਣ ਜਾਂਦਾ ਹੈ। ਇਨ੍ਹਾਂ ਦਾ ਪ੍ਰਾਚੀਨ ਗ੍ਰੰਥਾਂ ਵਿਚ ਠੀਕ-ਠੀਕ ਅਰਥ ਲਾਉਣ ਲਈ ਸ਼ਬਦ ਦੀ ਠੀਕ ਉਤਪੱਤੀ ਜਾਣਨਾ ਬੜਾ ਆਵਸ਼ਕ ਹੋ ਜਾਂਦਾ ਹੈ। ਅਜੇ ਤਕ ਇਹ ਬੜੀ ਕਮੀ ਹੈ ਕਿ ਪੰਜਾਬੀ ਦੇ ਪ੍ਰਤਿਏਕ ਸ਼ਬਦ ਦਾ ਮੂਲ਼ ਦੱਸਣ ਵਾਲਾ ਕੋਈ ਕੋਸ਼ ਨਹੀਂ ਬਣਿਆ।

ਨਮੂਨੇ ਦੇ ਤੌਰ ਤੇ 'ਰਾਸ' ਸ਼ਬਦ ਲੈ ਲਓ। ਇਸ ਨੂੰ ਪੰਜਾਬੀ ਵਿਚ ਘੱਟੋ-ਘੱਟ ਚਾਰ ਅਰਥਾਂ ਵਿਚ ਵਰਤਿਆ ਜਾਂਦਾ ਹੈ।

'ਰਾਸ' ਅਰਥਾਤ 'ਠੀਕ'

ਇਹ ਅਰਬੀ ਸ਼ਬਦ ਹੈ, ਜਿਸ ਦਾ ਅਸਲੀ ਅਰਥ ਹੈ 'ਸੱਜਾ' ਯਾਨੀ 'ਖੱਬਾ' ਦਾ ਉਲਟ। ਇਹ ਅੰਗ੍ਰੇਜ਼ੀ ਦੇ 'ਰਾਈਟ' ਦਾ ਠੀਕ ਸਮਾਨ-ਅਰਥਕ ਹੈ, ਜਿਹਦਾ ਅਰਥ 'ਠੀਕ' ਵੀ ਹੁੰਦਾ ਹੈ, ਅਤੇ ਸੱਜਾ ਵੀ।

'ਰਾਸ' ਅਰਥਾਤ 'ਤਾਰਾ-ਸਮੂਹ', ਮੇਖ, ਬਿਰਖ ਆਦਿ।

ਸੰਸਕ੍ਰਿਤ = ਰਾਸ਼ਿ

ਬਦਲਤਰ : ਰਾਸ਼ਿ = ਰਾਸਿ = ਰਾਸ

'ਰਾਸ' ਅਰਥਾਤ 'ਘੋੜੇ ਦੀ ਬਾਗ-ਡੋਰ'

ਸੰਸਕ੍ਰਿਤ = ਰਸ਼+ਮਿ

ਬਦਲਤਰ = ਰਸ਼ਮਿ = ਰੱਸਿ = ਰੱਸ = ਰਾਸ

'ਰਾਸ' ਅਰਥਾਤ 'ਨਾਟਕ ਲੀਲਾ'

ਸੰਸਕ੍ਰਿਤ = ਰਾਸ

ਸੋ ਪ੍ਰਸੰਗ ਵੇਖ ਕੇ ਪਤਾ ਲਗਾਉਣਾ ਪਏਗਾ ਕਿ 'ਰਾਸ' ਦਾ ਕਿਹੜਾ ਅਰਥ ਲਿਆ ਜਾਏ। ਬਿਨਾ ਸ਼ਬਦਾਂ ਦਾ ਇਤਿਹਾਸ ਜਾਣੇ ਕੋਈ ਅਨੁਵਾਦਕ ਆਪਣਾ ਕੰਮ ਸੁਚਿਆਰੇ ਢੰਗ

ਨਾਲ ਨਹੀਂ ਕਰ ਸਕਦਾ। ਬਲਕਿ ਅਰਥ ਦਾ ਅਨਰਥ ਹੋ ਸਕਦਾ ਹੈ।

ਇਸੇ ਪ੍ਰਕਾਰ ਦੀਆਂ ਇਕ-ਦੋ ਹੋਰ ਮਿਸਾਲਾਂ ਲੈ ਕੇ ਅਸੀਂ ਅੱਗੇ ਚਲਾਂਗੇ।

'ਪ੍ਰਿਯ' ਅਤੇ 'ਪ੍ਰੀਤ'

ਸੰਸਕ੍ਰਿਤ	ਬਦਲਤਰ	ਪੰਜਾਬੀ	ਅਰਥ
ਪ੍ਰਿਯ	ਪਿਅ	ਪੀਆ	ਪਿਆਰਾ
ਪ੍ਰੀਤ (੧)	ਪੀਅ	ਪੀਆ	ਪਿਆਰਾ

(੧) ਵੇਖੋ 'ਮੇਘ-ਦੂਤ' :-

"ਪ੍ਰੀਤਹ ਪ੍ਰਾਤਿ ਪ੍ਰਮੁਖ ਵਚਨੰ ਸਵਾਗਤੰ ਵਿਆਜਹਾਰ"

'ਭੂਮਿ' ਅਤੇ 'ਭਵ'

ਸੰਸਕ੍ਰਿਤ	ਬਦਲਤਰ	ਪੰਜਾਬੀ	ਅਰਥ
ਭੂਮਿ	ਭੂਮ, ਭੂਇ	ਭੋਂ	ਜ਼ਮੀਨ
ਭਵ	ਭਅ	ਭੋਂ	ਭੂ ਲੋਕ

ਛੇਵਾਂ

ਸ਼ਬਦਾਂ ਵਿਚ ਅਨੁਨਾਸਿਕ ਧਵਨਿ ਆ ਜਾਣਾ ਪ੍ਰਾਕ੍ਰਿਤ ਤੋਂ ਦੂਜਾ ਭੇਦ

ਇਕ ਹੋਰ ਨਵੀਂ ਚੀਜ਼, ਜਿਹੜੀ ਪ੍ਰਾਕ੍ਰਿਤ ਵਿਚ ਨਹੀਂ ਸੀ, ਅਤੇ ਅਪਭ੍ਰੰਸ਼ ਕਾਲ ਤੋਂ ਆਈ ਪ੍ਰਤੀਤ ਹੁੰਦੀ ਹੈ, ਸ਼ਬਦਾਂ ਵਿਚ ਕਿਤੇ ਕਿਤੇ ਨੱਕ ਦੀ ਆਵਾਜ਼, ਜਾਂ ਅਨੁਨਾਸਕ ਧਵਨਿ, ਬੋਲਣ ਦਾ ਸੁਭਾ ਹੈ। ਪੰਜਾਬੀ ਦੀ ਜੀਭ ਦੂਹਰੇ ਅੱਖਰ ਬੋਲਣ ਦੀ ਆਦੀ ਹੈ। ਬਲਕਿ ਜਦ ਤਾਈਂ ਦੂਹਰੇ, ਜਾਂ 'ਸਗੋਤ੍ਰ ਜੁੜਵੇਂ' ਅੱਖਰ ਉਸ ਨੂੰ ਨਾ ਮਿਲਣ, ਉਸ ਨੂੰ ਬੋਲ ਕੇ ਆਨੰਦ ਹੀ ਨਹੀਂ ਆਉਂਦਾ। ਉਹ ਜਦ ਹਿੰਦੀ ਜਾਂ ਬੰਗਲਾ ਵੀ ਬੋਲਦਾ ਹੈ, ਪ੍ਰਾਕ੍ਰਿਤ ਜਾਂ ਪ੍ਰਕ੍ਰਿਤੀ ਦੇ ਸੁਭਾ ਤੋਂ ਬੇਬਸ ਹੋ ਕੇ, ਅੱਖਰਾਂ ਦਾ 'ਦੁੱਤ' ਕਰ ਦਿੰਦਾ ਹੈ। ਯੂ੦ ਪੀ੦ ਵਾਲੇ ਅਕਸਰ ਸ਼ਿਕਾਇਤ ਕਰਦੇ ਸੁਣੇ ਗਏ ਹਨ ਕਿ ਪੰਜਾਬੀ ਦੇ ਲੋਕ ਹਿੰਦੀ ਨੂੰ ਵੀ ਪੰਜਾਬੀ ਵਾਂਗੂ 'ਕੱਸ ਕੇ' ਜਾਂ 'ਖਿੱਚ ਕੇ' ਬੋਲਦੇ ਹਨ। ਉਹ ਠੇਠ 'ਪੰਜਾਬੀ-ਪਣ' ਕੀ ਹੈ, ਜਿਹੜਾ ਦੂਜੀਆਂ ਭਾਸ਼ਾਵਾਂ ਤੇ ਵੀ ਸਾਡਾ ਰੰਗ ਚਾੜ੍ਹ ਦਿੰਦਾ ਹੈ? ਇਹ ਸਾਡੇ ਗਲੇ ਦਾ ਸਵਰਾਂ ਨੂੰ ਛੋਟਾ ਕਰਕੇ, ਤੇ ਜੀਭ ਦਾ ਵਿਅੰਜਨਾਂ ਨੂੰ ਦੂਹਰਾ ਕਰਕੇ ਬੋਲਣ ਦਾ ਸੁਭਾ ਹੈ, ਜਿਹੜਾ ਪ੍ਰਾਕ੍ਰਿਤ ਦੀ ਦੇਣ ਹੈ। 'ਈਸ਼੍ਵਰ'

ਥੇ ਵਿਚ 'ਈ' ਵੱਤੀ ਸੀ। ਪ੍ਰਾਕ੍ਰਿਤ ਕਾਲ ਵਿਚ ਇਸ ਦਾ 'ਇੱਸਰ' ਹੋ ਗਿਆ। ਪੰਜਾਬੀ ਦੇ ਲੋਕ ਹਿੰਦੀ ਜਾਂ ਬੰਗਾਲੀ ਬੋਲਦੇ ਸਮੇਂ ਕਿੱਦਾਂ ਇਸ ਸੁਭਾਵ ਦਾ ਪਰੀਚੇ ਦਿੰਦੇ ਹਨ, ਇਹ ਗੱਲ ਇਕ ਠੋਸ ਉਦਾਹਰਣ ਨਾਲ ਸਪੱਸ਼ਟ ਹੋ ਜਾਵੇਗੀ।

	ਹਿੰਦੀ	ਬੰਗਲਾ	ਪੰਜਾਬੀ
ਠੀਕ ਉਚੱਾਰਣ	ਮੈਂ ਜਾਤਾ ਹੂੰ	ਆਮਿ ਜਾਛਿ	ਮੈਂ ਜਾਂਦਾ ਹਾਂ
ਪੰਜਾਬੀ ਉਚੱਾਰਣ	ਮੈਂ ਜਾਂਤਾ ਹੂੰ	ਆਮਿ ਜਾਂਛਿ	ਮੈਂ ਜਾਂਦਾ ਹਾਂ
ਠੀਕ ਉਚੱਾਰਣ	ਵੇ ਜਾਤੇ ਹੈਂ	ਤਿਨਿ ਜਾਛੇਨ	ਉਹ ਜਾਂਦੇ ਹਨ
ਪੰਜਾਬੀ ਉਚੱਾਰਣ	ਵੋਹ ਜਾਂਤੇ ਹੈਂ	ਤਿਨਿ ਜਾਂਛੇਨ	ਉਹ ਜਾਂਦੇ ਹਨ

ਸੋ ਪੰਜਾਬੀ ਜਾਤਾ, ਜਾਤੇ, ਜਾਛਿ, ਜਾਛੇਨ ਨੂੰ ਜਾਂਤਾ, ਜਾਂਤੇ, ਜਾਂਛਿ, ਜਾਂਛੇਨ ਕਰਕੇ ਬੋਲਦਾ ਹੈ। ਕਿਉਂਕਿ ਉਸ ਨੂੰ ਹਜ਼ਾਰਾਂ ਵਰ੍ਹਿਆਂ ਤੋਂ ਆਪਣੀ ਭਾਸ਼ਾ ਵਿਚ ਹੀ ਬੋਲਣ ਦੀ ਆਦਤ ਹੈ। ਉਸ ਨੇ 'ਜਾਦਾ' ਅਤੇ 'ਜਾਦੇ' ਨੂੰ ਵੀ 'ਜਾਂਦਾ' ਅਤੇ 'ਜਾਂਦੇ' ਬਣਾ ਧਰਿਆ ਹੋਇਆ ਹੈ, ਫਿਰ 'ਜਾਤਾ' ਨੂੰ ਉਹ 'ਜਾਂਤਾ', ਜਾਂ ਘੱਟ ਤੋਂ ਘੱਟ 'ਜਾਂਤਾ' ਕਿਉਂ ਨਾ ਕਹੇ? ਇਸੇ ਆਦਤ ਵਸ ਉਹ ਕਈ ਥਾਵਾਂ ਤੇ, ਜਿੱਥੇ ਉਸ ਨੂੰ ਆਸਾਨੀ ਲਗਦੀ ਹੈ, ਅਨੁਨਾਸਿਕ ਧੁਨੀ ਜੜ ਦਿੰਦਾ ਹੈ। ਜਿਵੇਂ:-

ਸ਼ੁੱਧ ਉਚੱਾਰਣ	ਅਨੁਨਾਸਿਕ ਸਹਿਤ ਉਚੱਾਰਣ
ਕਾਸ਼ੀ	ਕਾਂਸ਼ੀ
ਕਰਾਚੀ	ਕਰਾਂਚੀ
ਹਿਮਾਚਲ	ਹਿਮਾਂਚਲ
ਨਿਰਾਕਾਰੀ	ਨਿਰੰਕਾਰੀ

ਜਿਨ੍ਹਾਂ ਸ਼ਬਦਾਂ ਵਿਚ ਇੰਞ ਸਹਿਸਭਾ (ਸਹਿਜ-ਸੁਭਾਵ ਨਾਲ) ਅਨੁਨਾਸਿਕ ਆਵਾਜ਼ (spontaneous nasalisation) ਹੋ ਗਈ ਹੈ, ਉਨ੍ਹਾਂ ਦੀ ਲਿਸਟ ਬੜੀ ਲੰਮੀ ਹੈ। ਕੁਝ ਨਮੂਨੇ ਦਿੱਤੇ ਜਾਂਦੇ ਹਨ।

ਸੰਸਕ੍ਰਿਤ	ਨਿਯਮਾਨੁਸਾਰ ਰੂਪ	ਅਨੁਨਾਸਿਕ ਸਹਿਤ ਰੂਪ
ਪਕ+ਸ਼ੀ	ਪੱਛੀ	ਪੰਛੀ
ਪਕ+ਸ਼	ਪੱਖ	ਪੰਖ
ਅਧਸ+ਤਾਤ	ਹੇਠੋਂ	ਹੇਠਾਂ

ਸੰਸਕ੍ਰਿਤ	ਨਿਯਮਅਨੁਸਾਰ ਰੂਪ	ਅਨੁਨਾਸਿਕ ਰੂਪ
ਪੁੱਛ	ਪੁੱਛ	ਪੂੰਛ
ਕਾਚ	ਕਾਚ	ਕੰਚ (ਕੱਚ ਵੀ ਚਲਦਾ ਹੈ)
ਹਸ	ਹਸ	ਹੰਸ (ਹਸ ਵੀ ਚਲਦਾ ਹੈ)
ਨਖ	ਨਹ	ਨੌਂਹ
ਸ+ਨੁਸ਼ਾ	ਨੁਹਾ	ਨੂੰਹ (=ਪੁਤ੍ਰਵਧੂ)
ਸ਼ਪਥ	ਸਵਹ	ਸੌਂਹ (=ਕਸਮ)
ਸ਼ੀਤ	ਸੀਅ	ਸੀਂਹ
ਮੁਖ	ਮੁਹ	ਮੂੰਹ
ਮੇਘ	ਮੇਹ	ਮੀਂਹ
ਗੂਥ	ਗੂਹ	ਗੂੰਹ
ਗ੍ਰਾਮ	ਗ੍ਰਾਂਅ	ਗ੍ਰਾਂ
ਗ੍ਰਾਮ	ਗਾਅ	ਗਾਓਂ
ਨਾਮ	ਨਾਅ	ਨਾਉਂ
ਸ+ਥਾਨ	ਥਾਂਅ	ਥਾਂ
ਯਵ	ਜਅ	ਜੌਂ
ਮਾਤਾ	ਮਾਆ	ਮਾਂ
ਕਾਕ	ਕਾਅ	ਕਾਂ
ਨਵ	ਨਅ, ਨਓ	ਨੌਂ
ਭਵ	ਭਅ, ਭਓ	ਭੌਂ
ਭੂਮਿ	ਭੁਇਂ	ਭੌਂ
ਏਕਾਦਸ਼	ਗਾਰਹ	ਗਿਆਰਾਂ
ਦ+ਵਾਦਸ਼	ਬਾਰਹ	ਬਾਰਾਂ
ਚਤੁਰ+ਸਦ	ਚਾਉਦੱਸ	ਚੌਦਾਂ
ਅਸ਼+ਟਾਦਸ਼	ਠਾਰਹ	ਠਾਰਾਂ
ਪਾਦ	ਪਾਅ	ਪਾਉਂ, ਪਾਂਵ

ਸਤਵਾਂ

ਹੁਣ ਅਸੀਂ ਕੁਝ ਹੋਰ ਅਜੇਹੇ ਸ਼ਬਦ ਲੈਂਦੇ ਹਾਂ । ਜਿਹੜੇ ਕੋਈ ਖਾਸ ਕਰਾਰ ਸਾਫ

ਤਾਂ ਅਸੀਂ ਬਣਾਏ ਸਨ, ਅਤੇ ਉਨ੍ਹਾਂ ਦੀ ਬਣਤਰ ਸਾਡੇ ਸੁਭਾ ਦੇ ਇਨੀ ਅਨਕੂਲ ਨਿਕਲੀ ਹੈ ਕਿ ਅੱਜ ਦਿਨ ਤਕ ਸਾਨੂੰ ਉਨ੍ਹਾਂ ਵਿਚ ਪਰੀਵਰਤਨ ਕਰਨ ਦੀ ਲੋੜ ਨਹੀਂ ਪਈ। ਢਾਈ ਹਜ਼ਾਰ ਸਾਲ ਇਸ ਕਰਕੇ ਆਖਿਆ ਹੈ ਕਿ ਤਦ ਦਾ ਪੂਰਾ ਰਿਕਾਰਡ ਸ਼ਿਲਾ-ਲੇਖਾਂ, ਤੇ ਧਰਮ ਗ੍ਰੰਥਾਂ ਰਾਹੀਂ ਅੱਜ ਤਕ ਵਿਦਮਾਨ ਹੈ। ਪਰ ਜਿਹੜੇ ਸ਼ਬਦ ਅਸ਼ੋਕ ਦੇ ਸਮੇਂ ਵੀ ਇਤਨੀ ਪਕਿਆਈ ਅਤੇ ਸਥਿਰਤਾ ਪ੍ਰਾਪਤ ਕਰ ਚੁਕੇ ਸਨ ਕਿ ਉਨ੍ਹਾਂ ਨੂੰ ਧਰਮ-ਲਿਪੀਆਂ ਵਿਚ ਵਰਤਨਾ ਉਚਿਤ ਅਤੇ ਉਪਯੁਕਤ ਸਮਝਿਆ ਗਿਆ, ਉਹ ਇਕ ਦਿਨ ਵਿਚ ਤਾਂ ਨਹੀਂ ਬਣ ਖੜੇ ਹੋ ਸਕਦੇ। ਇਸ ਪ੍ਰਕਾਰ ਦਾ ਸਰਵ-ਮਾਨਿਤ ਤੇ ਮਾਂਜਿਆ ਹੋਇਆ ਰੂਪ ਧਾਰਨ ਕਰਨ ਤੋਂ ਪਹਿਲਾਂ ਉਹ ਘਟੋ-ਘਟ ਪੰਜ ਸੌ ਸਾਲ ਤਕ ਵਰਤੋਂ ਵਿਚ ਅਵੱਸ਼ ਰਹੇ ਹੋਣਗੇ। ਇਨ੍ਹਾਂ ਸ਼ਬਦਾਂ ਨੂੰ ਪੜ੍ਹੇ-ਲਿਖੇ ਤੇ ਅਨਪੜ੍ਹ, ਅਮੀਰ ਤੇ ਗਰੀਬ, ਇਸਤ੍ਰੀਆਂ ਤੇ ਪੁਰਸ਼, ਹਿੰਦੂ, ਮੁਸਲਮਾਨ ਤੇ ਸਿੱਖ ਸਭ ਪੰਜਾਬੀ ਤਿੰਨ ਹਜ਼ਾਰ ਸਾਲ ਤੋਂ ਬੋਲਦੇ ਆਏ ਨੇ। ਇਨ੍ਹਾਂ ਨੇ ਨਵੇਂ-ਪੁਰਾਣੇ ਦਾ ਫਰਕ, ਇਸਤ੍ਰੀ ਪੁਰਸ਼ ਦਾ ਭੇਦ ਅਤੇ ਉੱਚੇ ਨੀਵੇਂ ਦੀ ਤਮੀਜ਼ ਸਮਾਪਤ ਕਰ ਦਿਤੀ ਹੈ। ਚੀਨੀਆਂ, ਦ੍ਰਾਵੜਾਂ ਯੂਨਾਨੀਆਂ ਤੇ ਪੰਜਾਬੀਆਂ ਤੋਂ ਛੁਟ ਅਜੇਹੀ ਅਨਮੋਲ ਸੰਪਤੀ ਸੰਸਾਰ ਦੀ ਹੋਰ ਕਿਸੇ ਜਾਤੀ ਕੋਲ ਨਹੀਂ।

ਜਿਨ੍ਹਾਂ ਨਿਸ਼ਚਿਤ ਨਿਯਮਾਂ ਦੇ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਨੂੰ ਸਰਲ ਕਰ ਕੇ ਬਣਾਏ ਗਏ ਹਨ, ਉਹ ਅਲਗ ਦੇਣ ਦੀ ਲੋੜ ਨਹੀਂ। ਪਾਠਕ ਹੁਣ ਆਪ ਉਹ ਨਿਯਮ ਕਢ ਸਕਦੇ ਹਨ।

ਅਸੀਂ ਹਰ ਇਕ ਸ਼ਬਦ ਦੀ ਸੰਸਕ੍ਰਿਤ, ਪ੍ਰਾਕ੍ਰਿਤ, ਪੰਜਾਬੀ ਤੇ ਹਿੰਦੀ ਰੂਪ ਦਿਤਾ ਹੈ, ਪੰਜਾਬੀ ਦੀ ਪ੍ਰਾਚੀਨਤਾ ਅਤੇ ਹਿੰਦੀ ਦੀ ਨਵੀਨਤਾ ਸੰਬੰਧੀ ਨਿਰਪੱਖ ਭਾਵ ਨਾਲ ਆਪ ਨਿਰਣਾ ਕਰ ਲੈਣਾ।

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	ਹਿੰਦੀ
ਅਕ+ਸ਼ਿ	ਅੱਖਿ	ਅੱਖੀ, ਅੱਖ	ਆਂਖ
ਰਿਕ+ਸ਼	ਰਿੱਛ	ਰਿੱਛ	ਰੀਛ
ਲਕ+ਸ਼	ਲੱਖ	ਲੱਖ	ਲਾਖ
ਹਸ+ਤ	ਹੱਥ	ਹੱਥ	ਹਾਥ
ਕਰ+ਣ	ਕੱਣ	ਕੰਨ	ਕਾਨ
ਪ੍ਰਿਸ਼+ਠ	ਪਿੱਠ	ਪਿੱਠ	ਪੀਠ
ਅਸ਼ਟ	ਅੱਠ	ਅੱਠ	ਆਠ

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	ਹਿੰਦੀ
ਸ਼ਸ਼+ਟਿ	ਸੰਠ	ਸੱਠ	ਸਾਠ
ਸਪ+ਤ	ਸੱਤ	ਸੱਤ	ਸਾਤ
ਚੰਦ੍ਰ	ਚੰਦ	ਚੰਦ	ਚਾਂਦ
ਸ਼੍ਰਿੰਗ	ਸਿੰਗ	ਸਿੰਗ	ਸੀਂਗ
ਸ਼ੁਕ+ਤਿ	ਸਿੱਪੀ	ਸਿੱਪੀ	ਸੀਪ
ਅਤ੍ਰ	ਏਥ	ਏਥੇ	ਯਹਾਂ
ਯਤ੍ਰ	ਜੱਥ	ਜਥੇ	ਜਹਾਂ
ਦੁਗ+ਧ	ਦੁੱਧ	ਦੁੱਧ	ਦੂਧ
ਅਦ+ਯ	ਅੱਜ	ਅੱਜ	ਆਜ
ਅਰ+ਧ	ਅੱਧ	ਅੱਧ	ਆਧ
ਅਗ੍ਰੇ	ਅੱਗੇ	ਅੱਗੇ	ਆਗ
ਅਗ+ਨਿ	ਅੱਗਿ	ਅੱਗ	ਆਗ

ਜਿਹੜੇ ਸ਼ਬਦ ਸਾਡਾ ਸੰਬੰਧ ਸਾਡੇ ਢਾਈ ਹਜ਼ਾਰ ਸਾਲ ਦੇ ਸਾਹਿੱਤ ਨਾਲ ਬਣਾ ਕੇ ਰੱਖਣ, ਉਨ੍ਹਾਂ ਨੂੰ ਅੱਗੇ ਵਾਸਤੇ, ਢਿੱਲ ਜਾਂ ਅਗਿਆਨ ਦੇ ਕਾਰਣ, ਬਿਗੜਨ ਤੋਂ ਬਚਾਉਣਾ ਕੌਮ ਦੀ ਇਕ ਸੇਵਾ ਹੈ। ਇਹ ਇਕ ਪੁਲ ਦਾ ਕੰਮ ਦਿੰਦੇ ਹਨ, ਜਿਹੜਾ ਸਾਡੇ ਵਰਤਮਾਨ ਨੂੰ ਸਾਡੇ ਪ੍ਰਕਾਸ਼ਮਾਨ ਬੀਤੇ ਯੁਗ ਨਾਲ ਜੋੜਦਾ ਹੈ।

ਉਨ੍ਹਾਂ ਸ਼ਬਦਾਂ ਦੀ ਸੂਚੀ (ਉਦਾਹਰਣ ਮਾਤ੍ਰ) ਜਿਹੜੇ ਪ੍ਰਾਕ੍ਰਿਤ ਕਾਲ ਤੋਂ ਵੀ ਪਹਿਲਾਂ ਤੋਂ-- ਘਟੋ ਘੱਟ ਚਾਰ ਹਜ਼ਾਰ ਸਾਲਾਂ ਤੋਂ ਆਪਣੇ ਵਰਤਮਾਨ ਰੂਪ ਵਿਚ ਚਲੇ ਆ ਰਹੇ ਹਨ।

ਸੰਸਕ੍ਰਿਤ	ਪੰਜਾਬੀ	ਅਰਥ
ਚਿਰ	ਚਿਰ	ਦੇਰ
ਤਿੱਤਰ	ਤਿੱਤਰ	ਇਕ ਪੰਛੀ
ਪਿੱਤਲ	ਪਿੱਤਲ	ਇਕ ਧਾਤ
ਪਿੱਪਲ	ਪਿੱਪਲ	ਇਕ ਰੁੱਖ
ਬਹੁਕਰ	ਬਹੁਕਰ	ਝਾੜੂ

ਸੰਸਕ੍ਰਿਤ	ਪੰਜਾਬੀ	ਅਰਥ
ਵਾਟ	ਵਾਟ	ਰਾਹ
ਪਰ	ਪਰ	ਮਗਰ, ਲੇਕਿਨ
ਤਾਪ	ਤਾਪ	ਗਰਮੀ, ਬੁਖ਼ਾਰ
ਜਾਤਕ	ਜਾਤਕ	ਬੱਚਾ, (ਨਵਜਾਤ)
ਖੁਰ	ਖੁਰ	ਖੁਰ
ਗੌ	ਗੌ	ਗਾਂ
ਆਂਗਨ	ਆਂਗਨ	ਸੇਹਨ
ਤਾਰਾ	ਤਾਰਾ	ਸਿਤਾਰਾ

ਇਨ੍ਹਾਂ ਸ਼ਬਦਾਂ ਨੂੰ ਬੜੀ ਤਤਪਰਤਾ ਨਾਲ ਬਚਾ ਕੇ ਰੱਖਣ ਦੀ ਲੋੜ ਹੈ। ਸਾਧਾਰਨ ਵਿਕਾਸ ਰਾਹੀਂ ਇਨ੍ਹਾਂ ਦੇ ਲੁਪਤ ਹੋਣ ਦੀ ਕੋਈ ਸੰਭਾਵਨਾ ਜਾਂ ਆਸ਼ੰਕਾ ਨਹੀਂ। ਪਰ ਅੱਜ ਦੇ ਯੁਗ ਵਿਚ ਸ਼ਬਦਾਂ ਦੀ ਬਲੀ ਫੈਸ਼ਨ ਦੇ ਦੇਵਤਾ ਨੂੰ ਰਿਝਾਉਣ ਲਈ ਵੀ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਦੀ ਮਨੋਵਿਰਤੀ ਦੇ ਹੱਥੋਂ ਕੋਈ ਵੀ ਪ੍ਰਾਚੀਨ ਮਰਿਯਾਦਾ ਸੁਰੱਖਿਅਤ ਨਹੀਂ, ਜਦ ਤਕ ਆਪ ਜਤਨ ਕਰਕੇ ਉਸ ਦੀ ਰਖਿਆ ਨਾ ਕੀਤੀ ਜਾਏ।

ਪੰਜਵਾਂ ਭਾਗ : ਕੁਝ ਅਵੱਸ਼ਕ ਨਿਸ਼ਕਰਸ਼

(੧) ਪੰਜਾਬੀ ਦੇ ਅੱਖਰ ਜੋੜ ਜਾਂ ਅੱਖਰ ਵਿਨਿਆਸ

ਭਾਸ਼ਾ-ਵਿਗਿਆਨ ਦਾ ਇਕ ਬੜਾ ਮੌਲਿਕ ਸਿਧਾਂਤ ਇਹ ਹੈ ਕਿ ਜੋ ਬੋਲਿਆ ਜਾਵੇ, ਉਹ ਹੀ ਲਿਖਿਆ ਜਾਵੇ। ਇਹੋ ਹੀ ਲੇਖਕ-ਪੱਧਤੀ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਯਵਨ-ਪਧੱਤੀ, ਜਿਸ ਦੀਆਂ ਸ਼ਾਖਾਵਾਂ ਯੂਰਪ ਦੀਆਂ ਗ੍ਰੀਕ, ਰੋਮਨ ਅਤੇ ਰੂਸੀ ਪੱਧਤੀਆਂ ਵੀ ਹਨ, ਇਸ ਗੁਣ ਤੋਂ ਕੋਰੀ ਹੈ। ਉੱਥੇ ਲਿਖਦੇ ਕੁਝ ਹੋਰ ਹਨ, ਪੜ੍ਹਦੇ ਕੁਝ ਹੋਰ। ਇਕ ਅਵਾਜ਼ ਲਈ ਕਈ ਕਈ ਅੱਖਰ ਹਨ, ਤੇ ਇਕ ਅੱਖਰ ਦੀਆਂ ਕਈ-ਕਈ ਅਵਾਜ਼ਾਂ।

ਆਧੁਨਿਕ ਪੰਜਾਬੀ ਲਿਖਾਈ ਵਿਚ ਮੂਲ ਬ੍ਰਹਮੀ ਦਾ ਇਹ ਗੁਣ ਕਾਇਮ ਰੱਖਣਾ ਅਵੱਸ਼ਕ ਹੈ। ਸ਼ਬਦਾਂ ਦੇ ਅੱਖਰ ਜੋੜ ਨਿਯਤ ਕਰਦੇ ਵੇਲੇ ਇਹ ਧਿਆਨ ਰਖਣਾ ਪਏਗਾ ਕਿ ਬੋਲਿਆ ਕੀ ਜਾਂਦਾ ਹੈ, ਅਤੇ ਉੱਚਾਰਨ ਦੇ ਠੀਕ ਹੋਣ ਦਾ ਨਿਰਣਾ ਦੋ ਗੱਲਾਂ ਦੇ ਅਧਾਰ ਤੇ ਕੀਤਾ ਜਾਏਗਾ :

ਪਹਿਲੀ— ਸ਼ਬਦ ਦਾ ਮੂਲ :
ਦੂਜੀ — ਵਰਤਮਾਨ ਸਮੇਂ ਪ੍ਰਚਲਤ ਉੱਚਾਰਣ

ਪੰਜਾਬੀ ਦੀ ਲਿਖਾਈ ਵਿਚ ਇਹ ਦੋਵੇਂ ਲੋੜੀਂਦੀਆਂ ਗੱਲਾਂ ਬਹੁਤ ਹੱਦ ਤਕ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਅਤੇ ਕੀਤੀਆਂ ਜਾ ਰਹੀਆਂ ਹਨ।

ਪੰਜਾਬੀ ਦੇ ਵਿਚ ਸ਼ਬਦਾਂ ਦੇ ਬੋਲਣ ਦਾ ਢੰਗ ਪ੍ਰਾਕ੍ਰਿਤ ਵਾਂਗ ਹੈ। ਇਸੇ ਕਾਰਣ ਹਿੰਦੀ ਵਿਦਵਾਨ ਜਿਹੜੇ ਪ੍ਰਾਕ੍ਰਿਤ ਮਰਯਾਦਾ ਤੋਂ ਕੁਝ ਵਿਮੁਖ ਹੋ ਗਏ ਹਨ, ਪੰਜਾਬੀ ਦੇ ਲਿਖਣ ਦੀ ਸ਼ੈਲੀ, ਅਥਵਾ ਢੰਗ ਨੂੰ ਪਸੰਦ ਨਹੀਂ ਕਰਦੇ ਅਤੇ ਇਸਤੇ ਉਤੇ ਕਈ ਕਈ ਆਪੱਤੀ ਕਰਦੇ ਹਨ।

ਉਦਾਹਰਣ ਲਈ, ਹਿੰਦੀ ਵਾਲੇ 'ਕੋਇਲ' ਨੂੰ ,ਕੋਯਲ' ਲਿਖਦੇ ਹਨ। ਸ਼ਬਦ ਦੇ ਮੱਧ ਵਿਚ ਕਿਸੇ ਸਵਰ ਦਾ ਲਿਖਣਾ ਹਿੰਦੀ ਸ਼ੈਲੀ ਦੇ ਅਨੁਸਾਰ ਚੰਗਾ ਨਹੀਂ ਸਮਝਿਆ ਜਾਂਦਾ, ਚਾਹੇ 'ਸੂਅਰ, ਆਦਿ ਸ਼ਬਦਾਂ ਵਿਚ ਉਹ ਵੀ ਆਪਣੀ ਆਮ ਰੀਤੀ ਦਾ ਉਲੰਘਨ ਕਰਨ ਤੇ ਮਜਬੂਰ ਹੋ ਜਾਂਦੇ ਹਨ।

ਸਾਡਾ ਮਤ ਇਹ ਹੈ ਕਿ ਸ਼ਬਦ ਨੂੰ ਲਿਖਣ ਦਾ ਢੰਗ ਅਜਿਹਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਵੇਖਦੇ ਸਾਰ ਉਹਦੀ ਉਤਪੱਤੀ ਸਮਝ ਵਿਚ ਆ ਜਾਏ ਅਤੇ ਜਿਹੜੇ ਨਿਯਮ ਅਨੁਸਾਰ ਉਹ ਬਣਿਆ ਹੈ, ਉਹ ਸਪੱਸ਼ਟ ਦਿਸੇ। ਸੰਸਕ੍ਰਿਤ ਤੋਂ ਪ੍ਰਾਕ੍ਰਿਤ ਅਤੇ ਪੰਜਾਬੀ ਬਣਨ ਦੇ ਅਨੇਕ ਨਿਯਮ ਅਸੀਂ ਪਹਿਲੇ ਹੀ ਦਰਸਾ ਆਏ ਹਾਂ। ਉਨ੍ਹਾਂ ਨੂੰ ਜਾਣਦੇ ਹੋਏ ਝਟ ਪਤਾ ਲਗ ਜਾਂਦਾ ਹੈ ਕਿ ਪੰਜਾਬੀ ਅੱਖਰ ਜੋੜ ਹਿੰਦੀ ਨਾਲੋਂ ਵੱਧ ਯਥਾਰਥ, ਯੁਕਤੀ-ਯੁਕਤ ਅਤੇ ਸਕਾਰਣ ਹਨ, ਕਿਉਂਕਿ ਉਨ੍ਹਾਂ ਤੋਂ ਸ਼ਬਦ ਦਾ ਮੂਲ ਰੂਪ ਪ੍ਰਤੱਖ ਝਲਕਦਾ ਹੈ ਅਤੇ ਵਿਕਾਸ ਦੀਆਂ ਭਿੰਨ-ਭਿੰਨ ਅਵਸਥਾਵਾਂ ਸਾਫ਼ ਦਿਖਾਈ ਦਿੰਦੀਆਂ ਹਨ। ਹੇਠਾਂ ਲਿਖੇ ਉਦਾਹਰਣ ਹਿੰਦੀ ਨਾਲੋਂ ਪੰਜਾਬੀ ਜੋੜਾਂ ਦੀ ਉੱਤਮਤਾ ਸਪੱਸ਼ਟ ਦਿਖਾ ਦਿੰਦੇ ਹਨ।

ਸੰਸਕ੍ਰਿਤ	ਬਣਤਰ	ਪੰਜਾਬੀ	ਹਿੰਦੀ
ਕੋਕਿਲ	ਕੋਇਲ	ਕੋਇਲ	ਕੋਯਲ
ਵਿਪਾਸਾ	ਵਿਆਸਾ	ਬਿਆਸਾ	ਬ+ਯਾਸ
ਪਿਪਾਸਾ	ਪਿਆਸਾ	ਪਿਆਸ	ਪ+ਯਾਸ
ਨਾਰਿਕੇਲ	ਨਾਰਿਏਲ	ਨਾਰਿਅਲ	ਨਾਰਿਯਲ
ਪ੍ਰਿਯ	ਪਿਅ	ਪੀਆ	ਪਿਯਾ
ਪ੍ਰੀਤ	ਪੀਅ	ਪੀਆ	ਪਿਯਾ
ਹ੍ਰਿਦਯ	ਹਿਅਅ	ਹੀਆ	ਹਿਯਾ
ਸੀਤਾ	ਸੀਆ	ਸੀਆ	ਸਿਯਾ
ਕਾਕ	ਕਾਅ	ਕਾਂ	ਕੌਵਾ

ਅਸੀਂ 'ਬਣਤਰ' ਦੀ ਪਾਲੀ ਵਿਚ ਜਿਹੜੀ ਵਿਆਖਿਆ ਦਿੱਤੀ ਹੈ, ਉਹ ਵਾਸਤਵ ਵਿਚ ਕਿਸੇ ਨਾ ਕਿਸੇ ਪ੍ਰਾਕ੍ਰਿਤ ਦਾ ਰੂਪ ਹੈ।

ਹੇਠਾਂ ਅਸੀਂ ਕੁਝ ਅਜੇਹੇ ਸ਼ਬਦ ਦਿੰਦੇ ਹਾਂ ਜਿਨ੍ਹਾਂ ਦੇ ਅੱਖਰ ਜੋੜ ਨਾਲ ਦੱਸੇ ਢੰਗ ਨਾਲ ਠੀਕ ਕੀਤੇ ਜਾਣੇ ਚਾਹੀਦੇ ਹਨ। ਇਹ ਸਾਡਾ ਮਤ ਹੈ ਅਤੇ ਉੱਚਾਰਣ ਉਸ ਦੇ ਅਨੁਸਾਰ ਨਿਯਤ ਕੀਤਾ ਜਾਣਾ ਚਾਹੀਦਾ ਹੈ।

ਸੰਸਕ੍ਰਿਤ	ਬਣਤਰ	ਅਸ਼ੁੱਧ ਰੂਪ	ਸ਼ੁੱਧ ਰੂਪ
ਕਰ+ਮ	ਕੱਮ	ਕੰਮ	ਕੱਮ
ਕਰ+ਣ	ਕੱਣ	ਕੰਨ	ਕੱਨ
ਭਿੱਨ	ਭਿੱਨ	ਭਿੰਨ	ਭਿੱਨ
ਸਰ+ਵ	ਸੱਬ	ਸਬ੍ਹ, ਸਭ	ਸੱਬ
ਕੋਕਿਲ	ਕੋਇਲ	ਕੋਇਅਲ, ਕੋਲ	ਕੋਇਲ
ਵਧੂਟੀ	ਵਹੁਟੀ	ਬਹੁਟੀ	ਵਹੁਟੀ
ਭਵਤੁ	ਹਅਉ, ਹੋਦੁ	ਹਊ	ਹੋਊ
ਪ੍ਰਾਘੁਣਕ	ਪ੍ਰਾਹੁਣਅ	ਪ੍ਰਾਊਣਾ	ਪ੍ਰਾਹੁਣਾ
ਕੁੰਭਕਾਰ	ਕੁਮ੍ਹਆਰ	ਘੁਮਿਆਰ	ਕੁਮ੍ਹਾਰ
ਗਰ+ਦਭ	ਗੱਦਹ	ਗਧਾ	ਗਾਹਡਾ
ਕੁਠਾਰ	ਕੁਹਾਰ	ਖੁਆੜਾ	ਕੁਹਾੜਾ
ਪਕ+ਸ਼	ਖੱਖ	ਫੰਗ, ਖੰਬ	ਪੰਖ
ਦਕ+ਸ਼ਿਣ	ਦੱਖਿਣ	ਦੱਖਣ	ਦੱਖਿਣ
ਅਪਿ	ਵਿ	ਭੀ	ਵੀ
ਪੰਚ-ਵਿੰਸ਼ਤਿ	ਪੰਜ-ਵਿੰਹਇ	ਪੱਚੀ	ਪੰਜੀਹ
ਕਲ+ਯ	ਕੱਲ	ਕਲ੍ਹ	ਕੱਲ
ਕ੍ਰਿਤ	ਕਿੱਤ	ਕੀਤਾ	ਕੀੱਤਾ
ਅਧਸ+ਤਾਤ	ਹੇੱਠਾਂ	ਹੇਠ	ਹੇੱਠਾਂ

(੨) ਪੰਜਾਬੀ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ

ਪ੍ਰਾਕ੍ਰਿਤ ਵਿਚ ਜਿਹੜਾ ਵੀ ਸ਼ਬਦ ਬਾਹਰੋਂ ਆਉਂਦਾ ਸੀ, ਜਨਤਾ ਦੀ ਬੋਲਣ ਦੀ ਆਦਤ ਅਨੁਸਾਰ ਦੇਸੀ ਸਾਂਚੇ ਵਿਚ ਢਲ ਕੇ ਆਉਂਦਾ ਸੀ। ਸੰਸਕ੍ਰਿਤ ਦੇ ਸ਼ਬਦ ਤਾਂ ਬੜੇ ਨਪੇ ਤੁਲੇ ਨਿਯਮ ਅਨੁਸਾਰ ਰੂਪ ਧਾਰਣ ਕਰ ਕੇ ਵਰਤੋਂ ਵਿਚ ਆਉਂਦੇ ਸਨ ਅਤੇ ਇਕ ਵੀ ਸੰਸਕ੍ਰਿਤ ਸ਼ਬਦ

ਆਪਣੇ ਤਤਸਮ ਰੂਪ ਵਿਚ ਨਹੀਂ ਸੀ ਵਰਤਿਆ ਜਾ ਸਕਦਾ, ਜਦ ਤਕ ਕਿ ਉਸ ਦੀ ਆਪਣੀ ਬਣਤਰ ਪ੍ਰਾਕ੍ਰਿਤ ਦੇ ਸੁਭਾ ਨਾਲ ਮੇਲ ਨਹੀਂ ਸੀ ਖਾਂਦੀ। ਸਰਲ ਸ਼ਬਦ, ਜਿਵੇਂ ਪਰ, ਚਿਰ, ਮੁਨਿ, ਬਾਲ, ਜਾਤਕ ਆਦਿ, ਆਪਣੇ ਸ਼ੰਸਕ੍ਰਿਤ ਰੂਪ ਵਿਚ ਹੀ ਪ੍ਰਾਕ੍ਰਿਤਾਂ ਵਿਚ ਵੀ ਚਲਦੇ ਸਨ, ਪਰ ਧਰਮ, ਕਰਮ, ਚੰਦ੍ਰ ਆਦਿ, ਜਿਨ੍ਹਾਂ ਵਿਚ ਜੁੜਵੇਂ ਅੱਖਰ ਆਉਂਦੇ ਹਨ, ਪ੍ਰਾਕ੍ਰਿਤ ਵਿਚ ਨਹੀਂ ਸਨ ਵਰਤੇ ਜਾ ਸਕਦੇ, ਜਦ ਤਾਈਂ ਇਨ੍ਹਾਂ ਨੂੰ ਧੱਮ, ਕੱਮ, ਚੰਦ ਆਦਿ-ਸੌਖੇ ਰੂਪਾਂ ਵਿਚ ਢਾਲ ਨਾ ਲਿਆ ਜਾਏ। ਅਸੀਂ ਪਹਿਲੇ ਕਹਿ ਆਏ ਹਾਂ ਕਿ ਜੇ ਪ੍ਰਾਕ੍ਰਿਤ ਕਾਲ ਵਿਚ 'ਰਿਕਸ਼ਾ' ਦਾ ਪ੍ਰਚਾਰ ਹੋ ਜਾਂਦਾ, ਤਾਂ ਲੋਕ ਇਸ ਨੂੰ ਵੀ 'ਰਿੱਖਾ' ਜਾਂ 'ਰਿੱਛਾ' ਵਿਚ ਬਦਲ ਕੇ ਗ੍ਰਹਿਣ ਕਰਦੇ। ਹੋਰ ਤਾਂ ਹੋਰ, ਦੇਸ਼ਾਂ ਤੇ ਲੋਕਾਂ ਦੇ ਨਾਵਾਂ ਦੀ ਵੀ, ਆਪਣੀ ਲੋੜ ਅਨੁਸਾਰ ਪਹਿਲੇ ਕਾਂਟ-ਛਾਂਟ ਕੀਤੀ ਜਾਂਦੀ ਸੀ, ਫੇਰ ਹੀ ਉਨ੍ਹਾਂ ਨੂੰ ਬੋਲ ਚਾਲ ਦੀ ਵਰਤੋਂ ਵਿਚ ਲਿਆਂਦਿਆ ਜਾਂਦਾ ਸੀ। ਜਿਵੇਂ :

ਭਾਸ਼ਾ	ਮੂਲ ਰੂਪ	ਪ੍ਰਾਕ੍ਰਿਤ ਰੂਪ
ਸੰਸਕ੍ਰਿਤ	ਚੰਦ੍ਰ ਗੁਪ+ਤ	ਚੰਦ ਗੁੱਤ
ਯੂਨਾਨੀ	ਮਨੇਦੰਰ	ਮਲਿੰਦ
ਸੰਸਕ੍ਰਿਤ	ਸ਼ਕੁੰਤਲਾ	ਸਉਂਦਲਾ

ਸੁਣਿਆ ਜਾਂਦਾ ਹੈ, ਪਤਾ ਨਹੀਂ ਕਿੱਥੋਂ ਤਕ ਠੀਕ ਹੈ – ਕਿ 'ਸ਼ਲਗਮ' ਲਈ ਪੰਜਾਬੀ ਵਿਚ ਜਿਹੜਾ ਸ਼ਬਦ 'ਗੋਂਗਲੂ' ਚਲਦਾ ਹੈ, ਉਹ ਯੂਨਾਨੀ ਤੋਂ ਪ੍ਰਾਕ੍ਰਿਤ ਰਾਹੀਂ ਸਾਡੇ ਤਕ ਪੁੱਜਾ ਹੈ। ਇਸ ਗੱਲ ਦੀ ਅਜੇ ਪੜਤਾਲ ਨਹੀਂ ਹੋ ਸਕੀ। 'ਪਾਈਨ ਐਪਲ' ਨੂੰ ਪੰਜਾਬੀ ਤੇ ਯੂਨਾਨੀ ਦੋਵਾਂ ਵਿਚ 'ਅਨਾਨਾਸ' ਕਹਿੰਦੇ ਹਨ, ਪਤਾ ਨਹੀਂ ਕਦੋਂ ਤੋਂ।

ਫ਼ਾਰਸੀ ਦਾ ਸ਼ਬਦ 'ਸ਼ਾਹ' ਪ੍ਰਾਕ੍ਰਿਤ ਵਿਚ ਪ੍ਰਚਲਿਤ ਸੀ ਅਤੇ ਮੁਸਲਮਾਨਾਂ ਦੇ ਔਂਮਣ ਤੋਂ ਵੀ ਪਹਿਲੇ ਪੰਜਾਬੀ ਦੀ ਬੋਲੀ ਵਿਚ ਪਾਇਆ ਜਾਂਦਾ ਸੀ। 'ਸ਼ਾਹ' ਵੈਸੇ ਪ੍ਰਾਕ੍ਰਿਤ ਦੇ ਨਿਯਮ ਅਨੁਸਾਰ ਸੰਸਕ੍ਰਿਤ ਦੇ 'ਸ਼ਾਸ਼ਕ' ਸ਼ਬਦ ਤੋਂ ਵੀ ਨਿਕਲ ਸਕਦਾ ਹੈ, ਕਿਉਂ ਕਿ—

	ਸੰਸਕ੍ਰਿਤ	'ਸ਼ਾਸ਼ਕ'
=	ਪ੍ਰਾਕ੍ਰਿਤ	'ਸ਼ਾਹਅ' ਜਾਂ 'ਸਾਹਅ'
=	ਪੰਜਾਬੀ	'ਸ਼ਾਹ' ਜਾ 'ਸਾਹੂ'

ਪ੍ਰਾਕ੍ਰਿਤ ਵਿਚ 'ਸ਼ਾਹ' ਸ਼ਬਦ ਦਾ ਪ੍ਰਚਲਿਤ ਹੋਣਾ ਇਸ ਗੱਲ ਤੋਂ ਵਿਦਿਤ ਹੁੰਦਾ ਹੈ ਕਿ ਪੰਜਾਬ ਦੇ ਹਿੰਦੀ ਗ੍ਰੀਕ ਰਾਜਿਆਂ ਦੇ ਸਭ ਸਿੱਕਿਆਂ ਤੇ ਖਰੋਸ਼ਟੀ ਲਿਪੀ ਵਿਚ ਪ੍ਰਥਮ ਸ਼ਬਦ, ਜਿਹੜੇ ਲਿਖੇ ਮਿਲਦੇ ਹਨ, ਉਹ ਹਨ :

'ਸ਼ਾਹਾਨੀ ਸ਼ਾਹੋ'

ਅਰਥਾਤ 'ਸ਼ਾਹਾਂ ਦਾ ਸ਼ਾਹ' ਜਾਂ 'ਸ਼ਹਿਨਸ਼ਾਹ' । ਇਸ ਵਾਕਾਂਸ਼ ਦੀ ਬਨਾਵਟ ਪ੍ਰਾਕ੍ਰਿਤ ਦੇ ਸੁਭਾ ਅਤੇ ਵਿਆਕਰਣ ਦੇ ਐਨ ਅਨੁਸਾਰ ਹੈ । ਇਹ ਕਹਿਣਾ ਬੜਾ ਔਖਾ ਹੈ ਕਿ ਉਸ ਵੇਲੇ ਦੀ ਪੰਜਾਬੀ ਵਿਚ 'ਸ਼ਾਹ' ਸ਼ਬਦ ਫ਼ਾਰਸੀ ਤੋਂ ਆਇਆ ਸੀ, ਜਾਂ ਸੰਸਕ੍ਰਿਤ ਦੇ 'ਸ਼ਾਸ਼ਕ' ਤੋਂ ਪ੍ਰਾਕ੍ਰਿਤ ਰਾਹੀਂ । ਪਰ ਪੰਜਾਬ ਵਿਚ ਇਸ ਦਾ ਪ੍ਰਚਾਰ ਘੱਟੋ-ਘੱਟ ਦੋ ਹਜ਼ਾਰ ਸਾਲ ਤੋਂ ਹੈ ।

ਇਕ ਹੋਰ ਬੜਾ ਰੋਚਕ ਵਿਦੇਸ਼ੀ ਸ਼ਬਦ ਪ੍ਰਾਕ੍ਰਿਤ ਵਿਚ ਚਲਦਾ ਸੀ, ਅਤੇ ਅੱਜ ਸਾਡੇ ਤਕ ਆ ਪੁੱਜਾ ਹੈ । ਉਹ ਹੈ ਯੂਨਾਨੀ ਸ਼ਬਦ 'ਦਮੜੀ' । ਯੂਨਾਨ ਦਾ ਸਿੱਕਾ ਪੁਰਾਣੇ ਸਮਿਆਂ ਤੋਂ 'ਦ੍ਰਖ਼ਮ' ਕਹਾਉਂਦਾ ਹੈ । ਫ਼ਾਰਸੀ ਵਿਚ ਇਹੋ ਸਿੱਕਾ 'ਦਰਮ' ਹੋ ਗਿਆ ਤੇ ਸੰਸਕ੍ਰਿਤ ਵਿਚ 'ਦ੍ਰਮ' ਬਣ ਕੇ ਚਾਲੂ ਹੋਇਆ । ਪ੍ਰਾਕ੍ਰਿਤ ਵਿਚ ਇਸ ਨੂੰ ਪਹਿਲੇ ਦਰਸਾਏ ਨਿਯਮਾਂ ਅਨੁਸਾਰ 'ਦੱਮ' ਬਣਾਇਆ ਗਿਆ । ਪੁਰਾਣੀ ਪੰਜਾਬੀ ਵਿਚ ਵੀ ਇਹ ਸ਼ਬਦ ਚਲਦਾ ਰਿਹਾ ਹੋਵੇਗਾ । ਸਮਾਂ ਪਾ ਕੇ, ਹਿੰਦੀ ਵਿਚ ਇਹ ਦਾਮ ਬਣ ਗਿਆ । ਸੋ 'ਦਾਮ' ਦਾ ਅਸਲੀ ਅਰਥ 'ਮੁੱਲ' ਜਾਂ 'ਕੀਮਤ' ਨਹੀਂ ਬਲਕਿ ਇਕ ਮੁਦ੍ਰਾ ਦਾ ਨਾਉਂ ਹੈ, ਜਿਵੇਂ 'ਰੁਪਇਆ', 'ਆਨਾ' ਜਾਂ 'ਪੈਸਾ' । ਅਸੀਂ ਇਹ ਤਾਂ ਕਹਿ ਸਕਦੇ ਹ ਕਿ :

"ਇਸ ਕੇ ਕਿਤਨੇ ਦਾਮ ਹੈਂ ?"

ਪਰ ਇਹ ਕਹਿਣਾ ਗਲਤ ਹੋਵੇਗਾ ਕਿ :

"ਇਸ ਕਾ ਕਿਤਨਾ ਦਾਮ ਹੈ?"

ਕਾਰਣ ਇਹ ਕਿ 'ਦਾਮ' ਰੁਪਏ ਆਨੇ ਵਾਂਗੂ ਇਕ ਸਿਕੇ ਦਾ ਨਾਉਂ ਹੈ । ਇਥੋਂ ਹੀ ਹਿੰਦੀ ਮੁਹਾਵਰਾ ਬਣਿਆ ਹੈ 'ਚਾਮ ਕੇ ਦਾਮ' । 'ਦਾਮ' ਦਾ ਵਿਕਾਸ ਠੀਕ 'ਚਾਮ' ਅਤੇ 'ਕਾਮ' ਵਾਂਗੂ ਹੋਇਆ ਹੈ, ਭਾਵੇਂ ਇਹ ਇਕ ਯੂਨਾਨੀ ਸ਼ਬਦ ਸੀ । ਵੇਖੋ :

ਸੰਸਕ੍ਰਿਤ	ਪ੍ਰਾਕ੍ਰਿਤ	ਹਿਦੀ
ਕਰ+ਮ	ਕੱਮ	ਕਾਮ
ਚਰ+ਮ	ਚੱਮ	ਚਾਮ
ਦ੍ਰਮ	ਦੱਮ	ਦਾਮ

ਆਧੁਨਿਕ ਪੰਜਾਬੀ ਵਿਚ 'ਦੱਮ' ਅਪ੍ਰਚਲਿਤ ਹੋ ਚੁਕਾ ਹੈ, ਪਰ ਇਸ ਦਾ ਲਾਘਵਾਂ ਸੂਚਕ, ਜਾਂ ਛੋਟਾਪਨ ਦਿਖਾਉਣ ਵਾਲਾ ਸ਼ਬਦ, 'ਦਮੜੀ' ਅਜ ਵੀ ਮਿਲਦਾ ਹੈ । ਪੰਜਾਬੀ ਵਿਚ ਸੰਬੰਧ ਤੁੱਛਤਾ, ਘਨਿਸ਼ਟਤਾ ਜਾਂ ਲਾਡ ਦਿਖਾਉਣ ਲਈ 'ੜਾ' ਜਾਂ 'ੜੀ' ਆਦਿ ਕੁਝ ਬੋਲ ਸ਼ਬਦ ਦੇ ਅੰਤ ਵਿਚ ਜੋੜ

ਵਰਤੇ ਜਾਂਦੇ ਹਨ | ਜਿਵੇਂ :

ਸੰਸਕ੍ਰਿਤ	ਸਾਧਾਰਣ ਪੰਜਾਬੀ	ਤੁੱਛਤਾ ਵਾਚਕ
ਅੰਬਾ	ਅੰਮਾਂ	ਅੰਮੜੀ
ਕੋਸ਼+ਠਕ	ਕੋਠਾ	ਕੋਠੜੀ
ਚਰਮ+	ਚਮ	ਚਮੜਾ, ਚਮੜੀ
ਵਤ+ਸ	ਬਛਾ	ਬਛੜਾ
ਲੋਮ	ਲੋਮੜ	ਲੋਮੜੀ, ਲੂਮੜੀ
ਮੁਖ	ਮੁਖ	ਮੁਖੜਾ
—	ਲੇਖ	ਲੇਖੜਾ
—	ਖਲ	ਖਲੜੀ
—	ਟੁਕ	ਟੁਕੜੀ, ਟੁਕੜਾ
—	ਲੰਗਾ	ਲੰਗੜਾ
ਦੁੱਖ	ਦੁੱਖ	ਦੁਖੜਾ
ਪਕ+ਸ਼	ਪੱਖ, ਪੰਖ	ਪੰਖੜੀ
ਦ੍ਰਮ	ਦੱਮ	ਦਮੜ

ਸੋ 'ਦਮੜੀ' ਵੀ ਪੰਜਾਬੀ ਵਿਚ ਇਕ ਬੜਾ ਪੁਰਾਣਾ ਅਤੇ ਅਨੋਖਾ ਵਿਦੇਸ਼ੀ (ਗ੍ਰੀਕ) ਸ਼ਬਦ ਹੈ, ਜਿਹੜਾ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚੋਂ ਹੁੰਦਾ ਹੋਇਆ—ਉਨ੍ਹਾਂ ਦੀ ਛਾਪ ਲੈਕੇ—ਪੰਜਾਬੀ ਵਿਚ ਠੇਠ ਪੰਜਾਬੀ ਭੇਸ ਪਾ ਕੇ ਆਇਆ ਹੈ। ਦਮੜੀ ਦਾ ਸਿੱਕਾ ਪੰਜਾਬ ਵਿਚ ਸਿੱਖ ਰਾਜ ਤਕ ਚਲਦਾ ਰਿਹਾ ਅਤੇ ਉਹਦੇ ਨਾਲ ਹੀ ਖਤਮ ਹੋ ਗਿਆ। ਪਰ ਉਸਦਾ ਨਾਂ ਬਾਕੀ ਹੈ। 'ਆਨੇ' ਦਾ ਸ਼ਾਇਦ ਕੱਲ ਨੂੰ ਨਾਉਂ ਨਹੀਂ ਰਹੇਗਾ।

ਦਮੜੀ ਦਾ ਇਤਿਹਾਸ ਇਜ ਬਣਿਆ :

ਯੂਨਾਨੀ (ਗ੍ਰੀਕ)	:	ਦ੍ਰਾਖ਼ਮ (Drachma)
ਫ਼ਾਰਸੀ	:	ਦਰਮ
ਸੰਸਕ੍ਰਿਤ	:	ਦ੍ਰਮ
ਪ੍ਰਾਕ੍ਰਿਤ	;	ਦੰਮ
ਪੰਜਾਬੀ	:	ਦੱਮ
ਹਿੰਦੀ	:	ਦਾਮ
ਤੁਛਤਾ-ਵਾਚਕ	:	ਦਮੜੀ

ਪ੍ਰਾਚੀਨ ਮਰਯਾਦਾ ਵਿਚ ਭੰਗ

ਪ੍ਰਾਕ੍ਰਿਤ ਯੁਗ ਤੋਂ ਬਾਦ ਭਾਸ਼ਾਂ ਦੀ ਪੁਰਾਣੀ ਮਰਯਾਦਾ ਟੁੱਟ ਗਈ। ਅਜਿਹੇ ਲੋਕਾਂ ਦਾ ਭਾਰਤ ਤੇ ਰਾਜ ਆ ਗਿਆ ਜਿਹੜੇ ਪ੍ਰਾਚੀਨ ਪੰਰਪਰਾ ਲਈ ਕੋਈ ਸ਼ਰਧਾ ਨਹੀਂ ਸੀ ਰਖਦੇ। ਵਿਦੇਸ਼ੀ ਭਾਸ਼ਾਵਾਂ ਦੇ ਸ਼ਬਦ ਧੜਾ-ਧੜ ਆਉਣ ਲਗ ਗਏ। ਇਕ ਅੱਧਾ ਪਰਦੇਸ਼ੀ ਸ਼ਬਦ ਪਚਾਇਆ ਜਾ ਸਕਦਾ ਹੈ, ਅਤੇ ਹਜ਼ਮ ਕਰਕੇ ਆਪਣੇ ਅੰਦਰ ਖਪਾਇਆ ਜਾ ਸਕਦਾ ਹੈ। ਅੱਜ ਚੀਨੀ, ਜਾਪਾਨੀ, ਮਲਾਈ, ਜਰਮਨ, ਪੁਰਤਗਾਲੀ ਆਦਿ ਬੋਲੀਆਂ ਤੋਂ ਆਏ ਸ਼ਬਦ ਇੰਵ ਖਪ ਗਏ ਹਨ ਕਿ ਉਨ੍ਹਾਂ ਦਾ ਪਤਾ ਵੀ ਨਹੀਂ ਚਲਦਾ। ਪਰ ਅਰਬੀ, ਫ਼ਾਰਸੀ ਅਤੇ ਤੁਰਕੀ ਦੇ ਸ਼ਬਦ ਇਤਨੀ ਸੰਖਿਆ ਵਿਚ ਆਏ ਕਿ ਉਨ੍ਹਾਂ ਨੂੰ 'ਸ਼ਾਹ' ਅਤੇ 'ਦ੍ਰਾਖਮ' ਵਾਂਗੂ ਦੇਸੀ ਸਾਂਚੇ ਵਿਚ ਢਾਲਣਾ ਅਸੰਭਵ, ਬਲਕਿ ਅਨਾਵੱਸ਼ਕ, ਸਮਝਿਆ ਜਾਣ ਲਗ ਪਿਆ। ਬਾਹਰੋਂ ਆਏ ਹੋਏ ਆਕ੍ਰਮਣ-ਕਾਰੀਆਂ ਨੂੰ ਪ੍ਰਸੰਨ ਕਰਨ ਲਈ ਖੁਸ਼ਾਮਦੀ ਅਤੇ ਚਾਪਲੂਸ ਲੋਕ ਚਿਪ-ਚਿਪ ਕੇ ਵਿਦੇਸ਼ੀ ਸ਼ਬਦ ਵਰਤੋਂ ਵਿਚ ਲਿਆਉਣ ਲਗ ਗਏ, ਜਿਨਾਂ ਕੋਈ ਵਿਦੇਸ਼ੀਆਂ ਦਾ ਚੰਗੀ ਤਰ੍ਹਾਂ ਅਨੁਕਰਣ ਕਰ ਸਕਦਾ ਸੀ, ਉਨਾਂ ਹੀ ਵੱਡਾ ਤੇ ਸਭਿਅ ਮੰਨਿਆ ਜਾਂਦਾ ਸੀ। ਵਿਦੇਸ਼ੀ ਸ਼ਬਦਾਂ ਨੂੰ ਉਨ੍ਹਾਂ ਦੇ ਅਸਲੀ ਲਹਿਜੇ ਨਾਲ ਬੋਲਣਾ ਉਚੇ ਹੋਣ ਦਾ, ਅਤੇ ਉਨ੍ਹਾਂ ਨੂੰ ਦੇਸੀ ਸਾਂਚੇ ਵਿਚ ਢਾਲ ਕੇ ਪ੍ਰਯੋਗ ਕਰਨਾ ਮੂਰ੍ਖਤਾ ਦਾ ਲੱਛਣ ਬਣ ਗਿਆ। ਔਖੀਆਂ ਔਖੀਆਂ ਪਰਦੇਸੀ ਭਾਸ਼ਾਵਾਂ ਦੇ ਸ਼ਬਦ ਬਿਨਾ ਘੜੇ ਭਾਰਤੀ ਬੋਲੀਆਂ ਵਿਚ ਸਮਾਉਣ ਲਗ ਗਏ, ਤਾਂ ਸੰਸਕ੍ਰਿਤ ਦੇ ਸ਼ਬਦਾਂ ਤੇ ਬੰਧਨ ਲਾਉਣਾ ਵਿਅਰਥ ਸੀ—ਉਹ ਤਾਂ ਫੇਰ ਵੀ ਆਪਣੀ ਸੀ। ਦੇਸੀ ਭਾਸ਼ਾਵਾਂ ਦਾ ਸਤ, ਜਾਂ ਸਤੀਪਨ, ਲੁਟ ਚੁਕਾ ਸੀ ਅਤੇ ਨਿਰਲੱਜ ਇਸਤ੍ਰੀ ਵਾਂਗੂ ਉਹ ਹਰ ਪਰਾਏ ਨਾਲ ਸੰਬੰਧ ਬਨਾਉਣ ਲਈ, ਅਤੇ ਉਨ੍ਹਾਂ ਦੇ ਦਿਤੇ ਸ਼ਬਦ-ਰੂਪੀ ਫੁੱਲਾਂ ਤੇ ਗਹਿਣਿਆਂ ਨਾਲ ਆਪਣਾ ਸ਼ਿੰਗਾਰ ਕਰਨ ਲਈ ਤਿਆਰ ਸਨ। ਸਾਡੀਆਂ ਬੋਲੀਆਂ ਨੇ ਬਾਂਝ ਇਸਤ੍ਰੀਆ ਵਾਂਗੂ ਜਿਨ੍ਹਾਂ ਦਾ ਆਪਣੀ ਪੁਤ੍ਰ-ਰਤਨ ਜਨਨ ਦੀ ਸ਼ਕਤੀ ਨਸ਼ਟ ਹੋ ਜਾਂਦੀ ਹੈ—ਦੂਜੀਆ ਦੇ ਆਂਡੇ ਤੇ ਬੱਚੇ ਚੁਰਾ ਚੁਰਾ ਕੇ ਆਪਣੇ ਟੱਬਰ ਜੋੜਨੇ, ਅਤੇ ਪਰਾਏ ਧਨ ਨਾਲ ਘਰ ਭਰਨੇ ਸ਼ੁਰੂ ਕਰ ਦਿਤੇ। ਇਹ ਦਸ਼ਾ ਸਾਡੀ ਭਾਸ਼ਾਵਾਂ ਦੀ ਦਸਵੀਂ ਸਦੀ ਦੇ ਨੇੜੇ ਤੇੜੇ ਹੋਈ।

ਪੰਜਾਬੀ ਵਿਚ ਨਵੇਂ ਸ਼ਬਦ ਜੇ ਕੇਵਲ ਨਵੀਆਂ ਵਸਤੂਆ ਤੇ ਨਵਿਆਂ ਭਾਵਾਂ ਨੂੰ ਪ੍ਰਕਟ ਕਰਨ ਲਈ ਹੀ ਆਉਂਦੇ ਤਾਂ ਵੀ ਬਹੁਤ ਬੁਰਾ ਨਾ ਹੁੰਦਾ। ਰੇਲ, ਕੋਟ, ਬੂਟ, ਟਿਕਟ ਸਾਨੂੰ ਅੰਗ੍ਰੇਜ਼ਾਂ ਨੇ ਦਿਖਾਏ; ਚਾਹ, ਲੀਚੀ, ਲੁਗਾਠ ਸਾਨੂੰ ਚੀਨੀਆਂ ਨੇ ਦਿਤੇ; ਰਿਕਸ਼ਾ ਸਾਨੂੰ ਜਾਪਾਨ ਨੇ ਭੇਜੀ। ਇਨ੍ਹਾ ਸ਼ਬਦਾਂ ਨੂੰ ਅਸੀਂ ਧੰਨਵਾਦ-ਪੂਰਬਕ ਸਵੀਕਾਰ ਕਰਦੇ ਹਾਂ। ਪਰ ਕੀ ਸਾਡੇ ਪੂਰਵਜਾਂ ਨੇ ਕਦੀ ਆਦਮੀ, ਔਰਤ, ਜ਼ੀਨ, ਬਗਲ, ਨਾਅਲ ਆਦਿ ਸਾਧਾਰਣ ਤੋਂ ਸਾਧਾਰਣ ਚੀਜ਼ਾਂ ਵੀ ਨਹੀਂ ਸਨ ਵੇਖੀਆਂ, ਜਿਹੜੇ ਇਨ੍ਹਾਂ ਲਈ ਵੀ ਅਸੀਂ ਅਰਬੀ ਸ਼ਬਦ ਵਰਤਦੇ ਹਾਂ ਤੇ ਇਨ੍ਹਾਂ ਦੇ ਦੇਸੀ ਨਾ ਦਸਦਿਆਂ ਵੀ ਸਾਨੂੰ ਸ਼ਰਮ ਆਉਂਦੀ ਹੈ? ਮਨੁੱਖ, ਤੀਮੀਂ, ਕਾਠੀ, ਕੱਛ, ਖੁਰੀ ਆਦਿ ਅੱਜ

ਗੰਵਾਰਾਂ ਦੀ ਬੋਲੀ ਵਿਚ ਹੀ ਸੁਣੇ ਜਾ ਸਕਦੇ ਹਨ। ਅਗਲੇ ਸੌ ਸਾਲ ਤਕ ਉਹ ਉੱਕਾ ਹੀ ਮਰ ਜਾਣਗੇ। 'ਖੁਰੀ' ਦੇ ਥਾਂ 'ਨਾਅਲ' 'ਤੀਮੀਂ' ਦੇ ਥਾਂ 'ਔਰਤ' ਦਾ ਪ੍ਰਚਾਰ ਹੋ ਜਾਣ ਨਾਲ ਜੇ ਕੋਈ ਸਮਝੇ ਕਿ ਪੰਜਾਬੀ ਦੀ ਉੱਨਤੀ ਹੋਈ ਹੈ, ਤਾਂ ਉਸ ਦੀ ਸਮਝ ਦਾ ਮਾਤਮ ਕਰਨਾ ਚਾਹੀਦਾ ਹੈ। ਇਸ ਪ੍ਰਕਾਰ ਬੇਤੁਕੇ ਸ਼ਬਦ ਪੰਜਾਬੀ ਵਿਚ ਘੁਸੇੜਦੇ ਚਲੇ ਜਾਣ ਨਾਲ ਸਾਡਾ ਸੰਬੰਧ ਸਾਡੇ ਉੱਜਲ ਪੁਰਾਤਨ ਕਾਲ ਤੋਂ ਅਵੱਸ਼ ਟੁੱਟ ਜਾਏਗਾ, ਪਰ ਹੋਰ ਕਿਸੇ ਨਾਲ ਜੁੜਨ ਤੋਂ ਰਿਹਾ। ਇਕ ਦਿਨ ਛੱਲ ਹੇਠਾਂ ਬੈਠ ਅਸਾਂ ਇਹ ਮੰਤ੍ਰ ਜਪਾਂਗੇ—

ਦੁਵਿਧਾ ਮੇਂ ਦੋਨੋ ਗਏ,
ਨਾ ਮਾਯਾ ਮਿਲੀ ਨਾ ਰਾਮ !

ਪੰਜਾਬੀ ਦੇ ਬਹੁਤ ਸਾਰੇ ਸ਼ਬਦਾਂ ਨੂੰ, ਯਤਨ ਕਰਕੇ ਵੀ, ਮਰਨ ਤੋਂ ਬਚਾ ਕੇ ਰਖਣ ਦੀ ਲੋੜ ਹੈ, ਕਿਉਂਕਿ ਉਨ੍ਹਾਂ ਦੇ ਵਿਰੁੱਧ ਕਈ ਲੋਕਾਂ ਦੀ ਦੁਰਭਾਵਨਾ ਸਾਡੀ ਦਾਸਤਾ ਦੇ ਯੁਗ ਦੀ ਨਿਸ਼ਾਨੀ ਹੈ। ਹੇਠਾਂ ਉਹ ਸ਼ਬਦ, ਤੇ ਉਨ੍ਹਾਂ ਦੇ ਵਿਦੇਸ਼ੀ ਵੈਰੀ, ਜਿਹੜੇ ਪੰਜਾਬੀ ਵਿਚੋਂ ਛੰਡੇ ਜਾਣੇ ਚਾਹੀਦੇ ਹਨ, ਦਿੱਤੇ ਜਾਂਦੇ ਹਨ।

ਪੰਜਾਬੀ	ਵਿਦੇਸ਼ੀ	ਪੰਜਾਬੀ	ਵਿਦੇਸ਼ੀ
ਮਨੁੱਖ	ਆਦਮੀ	ਰਾਸ	ਲਗਾਮ
ਤੀਮੀਂ	ਔਰਤ	ਮੁਖੜਾ	ਚੇਹਰਾ
ਪਸ਼ੂ	ਜਾਨਵਰ	ਕੱਛ	ਬਗਲ
ਪੰਛੀ	ਪਰਿੰਦਾ	ਮੰਜਾ	ਚਾਰਪਾਈ
ਪਰ	ਲੇਕਿਨ, ਮਗਰ	ਘੁਟੱਨਾ	ਪਾਜਾਮਾ
ਜੇ	ਅਗਰ	ਝੱਗਾ	ਕਮੀਜ਼
ਸਗੋਂ	ਬਲਕਿ	ਅੰਗਰੱਖਾ	ਓਵਰ-ਕੋਟ
ਹ_ਦੇ ਹੋਏ ਵੀ	ਬਾਵਜੂਦ	ਉਛਾੜ	ਗਿਲਾਫ਼
ਖੁਰੀ	ਨਾਅਲ	ਕੁੜਤੀ	ਵਾਸਕਟ
ਕੱਠੀ	ਜ਼ੀਨ	ਪਤੂਹੀ	ਜੈਕਟ
ਪੌੜੀ	ਜ਼ੀਨਾ	ਪੋਥੀ	ਕਿਤਾਬ

ਪੰਜਾਬੀ ਵਿਚ ਸੰਸਕ੍ਰਿਤ ਦੇ ਜਿਹੜੇ ਤਤਸਮ ਸ਼ਬਦ ਚਲ ਗਏ ਹਨ ਉਹ ਜਿਥੋਂ ਤਕ ਸੰਭਵ ਹੋਵੇ, ਸੰਸਕ੍ਰਿਤ ਦੇ ਢੰਗ ਤੇ ਹੀ ਲਿਖੇ ਜਾਣੇ ਚਾਹੀਦੇ ਹਨ। ਵਰਤਮਾਨ ਪੰਜਾਬੀ ਵਿਚ ਉਨ੍ਹਾਂ ਦੇ ਜਿਹੜੇ ਅੱਖਰ-ਜੋੜ ਹਨ, ਉਨ੍ਹਾਂ ਵਿਚ, ਸਾਡੇ ਵਿਚਾਰ ਵਿਚ, ਕੁਝ ਪਰੀਵਰਤਨ ਦੀ ਲੋੜ ਹੈ, ਅਤੇ

ਉੱਚਾਰਣ ਲਿਖਿਤ ਦੇ ਅਨੁਸਾਰ ਹੋਣਾ ਚਾਹੀਦਾ ਹੈ । ਕੁਝ ਅਜੇਹੇ ਸ਼ਬਦਾਂ ਦੇ ਉਦਾਹਰਣ ਇਹ ਹਨ :

ਪ੍ਰਚਲਿਤ ਰੂਪ	ਸੰਸਕ੍ਰਿਤ ਰੂਪ
ਪਰਚਾਰ	ਪ੍ਰਚਾਰ
ਪਰਭਾਵ	ਪ੍ਰਭਾਵ
ਪਰਕਾਸ਼	ਪ੍ਰਕਾਸ
ਚੰਦਰ	ਚੰਦ੍ਰ
ਸਹਾਇਤਾ	ਸਹਾਯਤਾ
ਸਹਾਇਕ	ਸਹਾਯਕ
ਨਰਾਇਨ	ਨਾਰਾਯਣ
ਜੈ	ਜਯ
ਲਿਪੀ	ਲਿਪਿ
ਆਦੀ	ਆਦਿ
ਪਰਭਾਵਤ	ਪ੍ਰਭਾਵਤ
ਪੱਤਰਕਾ	ਪਤ੍ਰਿਕਾ
ਪਰਦੇਸ਼	ਪ੍ਰਦੇਸ਼
ਪਰਦੇਸ	ਪਰਦੇਸ਼
ਮਾਇਆ	ਮਾਯਾ
ਕਵੀ	ਕਵਿ
ਸਾਧੂ	ਸਾਧੁ
ਗੁਰੂ	ਗੁਰੁ

(੩) ਪੰਜਾਬੀ ਅਤੇ ਪ੍ਰਾਕ੍ਰਿਤ ਦੀ ਵਾਕ - ਰਚਨਾ

ਪ੍ਰਾਕ੍ਰਿਤ ਨੇ ਪੰਜਾਬੀ ਦੀ ਵਾਕ-ਰਚਨਾ ਉਤੇ ਕਿਸ ਹੱਦ ਤਕ ਪ੍ਰਭਾਵ ਪਾਇਆ ਹੈ, ਅਤੇ ਕਿਵੇਂ ਪ੍ਰਾਕ੍ਰਿਤ ਦੀ ਮਰਯਾਦਾ ਅੱਜ ਤਕ ਪੰਜਾਬੀ ਵਿਚ ਝਲਕਦੀ ਹੈ, ਇਹ ਸਮਝਣ ਲਈ ਹੇਠਾਂ ਲਿਖੇ ਹਿੰਦੀ ਤੇ ਪੰਜਾਬੀ ਵਾਕਾਂ ਦੀ ਤੁਲਨਾ ਕਰੋ ।

ਪੰਜਾਬੀ	ਹਿੰਦੀ
ਰਾਮ ਨੇ ਕੰਮ ਕੀਤਾ ਸੀ ।	ਰਾਮ ਨੇ ਕਾਮ ਕਿਯਾ ਥਾ ।

ਪੰਜਾਬੀ	ਹਿੰਦੀ
ਸਾਧੂ ਨੇ ਦੁੱਧ ਪੀਤਾ ਸੀ ।	ਸਾਧੂ ਨੇ ਦੂਧ ਪੀਯਾ ਥਾ ।
ਮੈਂ ਲੋਕ ਡਿੱਠੇ ਸਨ ।	ਮੈਂਨੇ ਲੋਗ ਦੇਖੇ ਥੇ ।
ਤੈਂ ਕੀ ਲੱਭਾ ਸੀ ?	ਤੂ ਨੇ ਕਿਆ ਪਾਇਆ ਥਾ ?
ਅਸਾਂ ਪਾਣੀ ਦਿੱਤਾ ਸੀ ।	ਹਮ ਨੇ ਪਾਨੀ ਦਿਯਾ ਥਾ ।
ਤੁਸਾਂ ਜੌਂ ਪੀਠੇ ਸਨ ।	ਤੁਮ ਨੇ ਜੌਂ ਪੀਸੇ ਥੇ ।
ਸੱਤੂ ਕਿਨ ਖਾਧੇ ਸਨ ?	ਸੱਤੂ ਕਿਸ ਨੇ ਖਾਏ ਥੇ ?
ਜਿਨ ਖੋਜਿਆ, ਤਿਨ ਪਾਇਆ ।	ਜਿਸ ਨੇ ਖੋਜਾ, ਉਸ ਨੇ ਪਾਯਾ ।
ਉਨ੍ਹਾਂ ਨਹੀਂ ਕੀਤਾ ।	ਉਨ੍ਹੋਂ ਨੇ ਨਹੀਂ ਕਿਯਾ ।

ਹਿੰਦੀ ਵਿਚ 'ਨੇ' ਸਭ ਵਾਕਾਂ ਵਿਚ ਆਇਆ ਹੈ, ਪਰ ਪੰਜਾਬੀ ਵਿਚ ਕਿਤੇ ਹੈ, ਕਿਤੇ ਨਹੀਂ। ਇਹ ਠੀਕ ਪ੍ਰਾਕ੍ਰਿਤ ਦੀ ਰੀਤੀ ਹੈ। ਪੰਜਾਬੀ ਵਿਚ 'ਨੇ' ਕੇਵਲ ਸੰਗਿਆਵਾਂ ਜਾਂ ਨਾਵਾਂ ਦੇ ਨਾਲ ਆਉਂਦਾ ਹੈ, ਸਰਵਨਾਵਾਂ ਨਾਲ ਨਹੀਂ। 'ਨੇ' ਸੰਸਕ੍ਰਿਤ ਦੀ ਤੀਜੀ ਵਿਭਕਤੀ ਦੇ ਚਿੰਨ੍ਹ ਤੋਂ ਨਿਕਲਿਆ ਹੈ—

ਰਾਮੇਣ = ਰਾਮ ਨੇ

ਸਾਧੁਨਾ = ਸਾਧੂ ਨੇ

ਹਿੰਦੀ ਨੇ ਇਹ 'ਨੇ' ਚਿੰਨ੍ਹ ਸਰਵਨਾਮ ਸ਼ਬਦਾਂ ਨਾਲ ਵੀ ਜੜਨਾ ਆਰੰਭ ਕਰ ਦਿੱਤਾ। ਵਾਸਤਵ ਵਿਚ ਇਹ ਇਕ ਭੁੱਲ, ਅਤੇ ਪ੍ਰਾਚੀਨ ਮਰਜਾਦਾ ਦੀ ਉਲੰਘਣਾ ਸੀ। ਪੰਜਾਬੀ ਭਾਸ਼ਾ ਅੱਜ ਤੀਕ ਸੰਸਕ੍ਰਿਤ ਪ੍ਰਾਕ੍ਰਿਤ ਦੀ ਮਰਯਾਦਾ ਦਾ ਪਾਲਨ ਕਰ ਰਹੀ ਹੈ, ਅਤੇ ਜਿਸ ਸਰਵਨਾਮ ਦੀ ਤੀਜੀ ਵਿਭਕਤੀ ਦੇ ਰੂਪ ਵਿਚ ਆਪਣਾ 'ਨ' ਦਾ ਅੰਸ਼ ਨਾ ਹੋਵੇ ਉਸ ਦੇ ਅੰਤ ਵਿਚ ਕਦੀ 'ਨੇ' ਨਹੀਂ ਜੋੜਿਆ ਜਾਂਦਾ। ਉਦਾਹਰਣ :

ਪੰਜਾਬੀ	ਸੰਸਕ੍ਰਿਤ
ਮੈਂ ਕੀਤਾ	ਮਯਾ ਕ੍ਰਿਤਮ
ਤੈਂ (ਤੂੰ) ਕੀਤਾ	ਤ+ਵਯਾ ਕ੍ਰਿਤਮ
ਅਸਾਂ (ਅਸੀਂ) ਕੀਤਾ	ਅਸ+ਮਾਭਿਹ ਕ੍ਰਿਤਮ
ਤੁਸਾਂ (ਤੁਸੀਂ) ਕੀਤਾ	ਯੁਸ਼+ਮਾਭਿਹ ਕ੍ਰਿਤਮ
ਕਿਨ (ਕਿਨ੍ਹੇ) ਕੀਤਾ	ਕੇਨ ਕ੍ਰਿਤਮ
ਜਿਨ (ਜਿਨ੍ਹੇ) ਕੀਤਾ	ਯੇਨ ਕ੍ਰਿਤਮ
ਰਾਮ ਨੇ ਕੀਤਾ	ਰਾਮੇਣ ਕ੍ਰਿਤਮ
ਸਾਧੂ ਨੇ ਕੀਤਾ	ਸਾਧੁਨਾ ਕ੍ਰਿਤਮ

ਪੰਜਾਬੀ ਵਿਚ ਨਾਵਾਂ ਦੇ ਪਰੇ ਤਾਂ ਸਭ ਥਾਂ 'ਨੇ' ਲਗਦਾ ਹੈ ਜਿਵੇਂ 'ਰਾਮ ਨੇ' 'ਸੀਤਾ ਨੇ' 'ਹਰਿ ਨੇ' 'ਸਾਧੂ ਨੇ' ਆਦਿ, ਪਰ ਸਰਵਨਾਵਾਂ ਵਿਚ ਕੇਵਲ 'ਯੇਨ', 'ਕੇਨ' ਅਤੇ 'ਤੇਨ' ਤੋਂ ਨਿਕਲੇ ਹੋਏ ਰੂਪਾਂ ਨਾਲ ਹੀ, ਹੋਰ ਕਿਧਰੇ ਨਹੀਂ।

'ਮੈਂ' ਸੰਸਕ੍ਰਿਤ ਦੇ 'ਮਯਾ' ਵਿਚੋਂ ਨਿਕਲਿਆ ਹੈ। ਪ੍ਰਾਕ੍ਰਿਤ ਵਿਚ ਇਸ ਦੇ ਰੂਪ 'ਮਏ' ਅਤੇ 'ਮੇ' ਮਿਲਦੇ ਹਨ। ਉਦਾਹਰਨ-ਰੂਪ ਵਿਚ, 'ਮਹਾਵੀਰ-ਵਾਣੀ' ਤੋਂ ਇਕ ਵਾਕ ਲਈਏ।

ਗੁਰੂ ਚੇਲੇ ਨੂੰ ਉਪਦੇਸ਼ ਦਿੰਦਾ ਹੈ ਕਿ ਇਸ ਲੋਕ ਦੇ ਰਾਜ-ਕਾਜ ਛੱਡ ਕੇ ਪਰਲੋਕ ਵਲ ਆਪਣੀ ਵਿਰਤੀ ਮੋੜੇ। ਚੇਲੇ ਦੇ ਮਨ ਵਿਚ ਸ਼ੰਕਾ ਪੈਦਾ ਹੁੰਦੀ ਹੈ ਅਤੇ ਉਹ ਗੁਰੂ ਨੂੰ ਪੁਛਦਾ ਹੈ।

"ਨ ਮੇ ਦਿੱਠ ਪਰੇ ਲੋਏ।
ਚੱਖੁ ਦਿੱਠ ਇਮਾ ਰਈ।"

'ਚੱਖੁ' ਦਾ ਅਰਥ ਹੁੰਦਾ ਹੈ 'ਅੱਖ' ਇਸਦੇ ਥਾਂ 'ਅੱਖਿ' ਵੀ ਪ੍ਰਾਕ੍ਰਿਤ ਵਿਚ ਚਲਦਾ ਸੀ। ਇਸ ਸ਼ਲੋਕ ਦਾ ਅੱਖਰੀ ਅਨੁਵਾਦ ਇੰਜ ਹੋਵੇਗਾ:

ਪ੍ਰਾਕ੍ਰਿਤ : ਨ ਮੇ ਦਿੱਠ ਪਰੇ ਲੋਏ।
ਪੰਜਾਬੀ : ਨਾ ਮੈਂ ਡਿੱਠੇ ਪਰਲੇ ਲੋਕ।
ਪ੍ਰਾਕ੍ਰਿਤ : ਅੱਖਿ ਦਿੱਠ ਇਮਾ ਰਈ।
ਪੰਜਾਬੀ : ਅੱਖਾਂ ਡਿਠਾ ਇਹ ਰਾਜ।

ਦੋਨਾਂ ਭਾਸ਼ਾਵਾਂ ਦੀ ਵਾਕ-ਰਚਨਾ ਵਿਚ ਘਣੀ ਸਮਤਾ ਦਾ ਇਸ ਤੋਂ ਵਧੀਆ ਹੋਰ ਕੀ ਉਦਾਹਰਣ ਦਿੱਤਾ ਜਾਵੇ? ਮਹਾਵੀਰ ਸਵਾਮੀ ਅੱਜ ਪੰਜਾਬ ਵਲ ਆ ਨਿਕਲਣ ਤਾਂ ਉਨ੍ਹਾਂ ਨੂੰ ਇਥੋਂ ਦੇ ਲੋਕਾਂ ਨੂੰ ਆਪਣਾ ਭਾਵ ਸਮਝਾਉਣ ਲਈ ਕੋਈ ਨਵੀਂ ਭਾਸ਼ਾ ਸਿੱਖਣ ਦੀ ਲੋੜ ਨਹੀਂ ਪਏਗੀ। ਕੋਈ ਅੰਗ੍ਰੇਜ਼, ਜਰਮਨ, ਅਮਰੀਕਨ, ਅਰਬ ਜਾਂ ਰੂਸੀ ਇਹ ਗੱਲ ਆਪਣੇ ਪੂਰਵਜਾਂ ਦੇ ਸੰਬੰਧ ਵਿਚ ਨਹੀਂ ਕਹਿ ਸਕਦਾ। ਸਾਡੀ ਵੰਸ਼-ਪਰੰਪਰਾ-ਅੱਜ ਤਕ ਅਟੁਟ ਰਹੀ ਹੈ।

ਇਕ ਬੜੀ ਵਿਚਿਤ੍ਰ ਗੱਲ ਹੋਰ ਵੇਖੋ। ਆਉਣ ਵਾਲੇ ਸਮੇਂ ਜਾਂ ਭਵਿਖਤ-ਕਾਲ, ਦੀ ਕਿਰਿਆ ਪ੍ਰਾਕ੍ਰਿਤ ਵਿਚ ਬਿਲਕੁਲ ਉਵੇਂ ਹੀ ਬਣਦੀ ਹੈ, ਜਿਵੇਂ ਪੱਛਮੀ ਪੰਜਾਬੀ ਵਿਚ। ਭਾਰਤ ਦੀ ਹੋਰ ਕਿਸੇ ਭਾਸ਼ਾ ਨੇ ਸੰਸਕ੍ਰਿਤ ਤੇ ਪ੍ਰਾਕ੍ਰਿਤ ਦੀ ਇਹ ਵਿਸ਼ੇਸ਼ਤਾ—ਭਵਿੱਖਤ ਵਿਚ 'ਸ' ਦਾ ਪ੍ਰਯੋਗ—ਬਚਾ ਕੇ ਨਹੀਂ ਰਖੀ। ਤਿੰਨ-ਚਾਰ ਉਦਾਹਰਣ ਵੇਖੋ।

(੧) 'ਕਾਲੀਦਾਸ' ਦੇ 'ਸ਼ਕੁੰਤਲਾ' ਵਿਚੋਂ ਦੋ ਉਦਾਹਰਣ।

ਪ੍ਰਾਕ੍ਰਿਤ ਪੁੱਛਿੱਸੰ ਕਹਇੱਸੰ

ਪੰਜਾਬੀ	— (ਮੈਂ) ਪੁਛੱਸਾਂ	(ਮੈਂ) ਕਹਿਸੱ ।
ਹਿੰਦੀ	— (ਮੈਂ) ਪੂਛੂੰਗੀ	(ਮੈਂ) ਕਹੂੰਗੀ
ਬੰਗਲਾ	— (ਆਮਿ) ਜਿੱਗੇਸ਼ ਕਰਿਬੋ	(ਆਮਿ) ਕਹਿਬੋ
ਸੰਸਕ੍ਰਿਤ	— (ਅਹੰ) ਪਰ੍ਹ+ਸ਼+ਯਾਮਿ	(ਅਹੰ) ਕਥਯਿਸ਼+ਯਾਮਿ

(੨) ਵਿਕ੍ਰਨਾਗ ਦੀ ਕੁੰਦਮਾਲਾ ਵਿੱਚੋਂ ਦੋ ਉਦਾਹਰਣ ।

ਪ੍ਰਾਕ੍ਰਿਤ	— ਗਾਇਸੰ	ਏੱਬ ਦਾਵ ਪੁੱਛਿਸੰ
ਪੰਜਾਬੀ	— (ਮੈਂ) ਗਾੱਸਾਂ	ਏਦਾਂ ਤਦ ਪੁੱਛਸਾਂ
ਹਿੰਦੀ	— (ਮੈਂ) ਗਾਊਂਗੀ	ਐਸੇ ਤਬ ਪੂਛੂੰਗੀ
ਬੰਗਲਾ	— (ਆਮਿ) ਗਾਇਬੋ	ਐਮਨ ਤਬੇ ਜਿੱਗਸ਼ੇ ਕਰਿਬੋ ·
ਸੰਸਕ੍ਰਿਤ	— (ਅਹੰ) ਗਾਸ+ਯਾਮਿ	ਏਵੰ ਤਾਵਤ ਪ੍ਰਕ+ੱਸ਼+ਯਾਮਿ

(੩) ਕੁੰਦਮਾਲਾ ਵਿੱਚੋਂ ਇਕ ਹੋਰ ਉਦਾਹਰਣ ।

ਪ੍ਰਾਕ੍ਰਿਤ	ਤਾ ਕਿੰ ਏਥੱ ਕਰਇਸੰ
ਪੰਜਾਬੀ	ਤਾਂ ਕੀ ਏਥੇ ਕਰਿੱਸਾਂ
ਹਿੰਦੀ	ਤੋ ਕਯਾ ਯਹਾਂ ਕਰੂੰਗੀ
ਬੰਗਲਾ	ਤਾਹੋਲੇ ਕਿ ਏਖਾਨੇ ਕਰਿਬੋ
ਸੰਸਕ੍ਰਿਤ	ਤਤ ਕਿੰ ਅਤ੍ਰ ਕਰਿਸ਼+ਯਾਮਿ

(੪) ਪੰਜਾਬੀ ਦੀ ਮਹੱਤਤਾ ।

ਅਸੀਂ ਪੰਜਾਬੀ ਦੇ ਭਿੰਨ-ਭਿੰਨ ਪ੍ਰਕਾਰ ਦੇ ਸ਼ਬਦਾਂ ਦੀ ਉਤਪਤੀ ਬਾਰੇ ਖੋਜ ਕੀਤੀ; ਅਸਾਂ ਉਹਦੇ ਵਾਕਾਂ ਦੀ ਬਣਤਰ ਦਾ ਵੀ ਅਧਿਐਨ ਕੀਤਾ । ਉਸ ਤੋਂ ਪਤਾ-ਲਗਾ ਕਿ ਪੰਜਾਬੀ ਵਾਸਤਵ ਵਿਚ ਇਕ ਪ੍ਰਕਾਰ ਦੀ ਬੋਲੀ ਜਾਂਦੀ ਨਵੀਨ ਪ੍ਰਾਕ੍ਰਿਤ ਹੀ ਹੈ, ਜਿਸ ਨੂੰ ਅਸੀਂ ਪੰਜਾਬੀ ਪ੍ਰਾਕ੍ਰਿਤ ਕਹਿ ਸਕਦੇ ਹਾਂ। ਇਕ ਪੰਜਾਬੀ ਜਦ ਸੋਚ-ਸਮਝ ਕੇ ਪੁਰਾਣੇ ਸੰਸਕ੍ਰਿਤ ਨਾਟਕ, ਧਰਮ ਗ੍ਰੰਥ ਤੇ ਧਰਮ ਲਿਪੀਆਂ ਪੜ੍ਹਦਾ ਹੈ ਤਾਂ ਉਸ ਦੀਆਂ ਅੱਖਾਂ ਖੁਲ੍ਹ ਜਾਂਦੀਆਂ ਹਨ । ਉਸ ਨੂੰ ਇਵ ਪ੍ਰਤੀਤ ਹੁੰਦਾ ਹੈ ਕਿ ਮਾਨੋ ਉਸਦਾ ਕੋਈ ਆਪਣਾ ਸੰਬੰਧੀ ਚਿਰ ਪਿਛੋਂ ਉਸ ਨੂੰ ਮਿਲ ਰਿਹਾ ਹੈ । ਜੇ ਕੁਝ ਵਿਦਵਾਨ ਰਲ ਕੇ ਪੰਜਾਬੀ ਅਤੇ ਪ੍ਰਾਕ੍ਰਿਤ ਦਾ ਇਕ ਤੁਲਨਾਤਮਕ ਵਿਆਕਰਣ ਬਣਾ ਲੈਣ ਤਾਂ ਇਕ ਪੰਜਾਬੀ ਲਈ ਪ੍ਰਾਕ੍ਰਿਤ ਦਾ ਸਿੱਖਣਾ ਮਹੀਨਿਆਂ ਦੀ ਨਹੀਂ, ਦਿਨਾਂ ਦੀ ਗੱਲ ਹੋ ਜਾਵੇ । ਸਾਡੇ ਇਸ ਨਵੇਂ ਪ੍ਰਯਾਸ ਦਾ ਮੁੱਖ ਉਦੇਸ਼ ਆਪਣੇ ਭਾਸ਼ਾ-ਸ਼ਾਸਤ੍ਰੀਆਂ ਨੂੰ ਇਸ ਪਾਸੇ ਪ੍ਰੇਰਿਤ ਕਰਨਾ ਹੈ। ਇਸ ਪ੍ਰਕਾਰ ਦੇ ਅਨੁਸੰਧਾਨ ਦੇ ਚਾਰ ਲਾਭ ਹੋਣਗੇ।

(੧) ਪਹਿਲਾ ਲਾਭ

ਵਿਦੇਸ਼ੀ ਭਾਸ਼ਾ ਵਿਗਿਆਨੀਆਂ ਨੂੰ ਪੰਜਾਬੀ ਦਾ ਵਿਗਿਆਨਕ ਢੰਗ ਨਾਲ ਪਰਿਚੈ ਕਰਾਉਣ ਵਿਚ, ਅਤੇ ਇਸ ਦੇ ਵਿਚ ਪ੍ਰਵੇਸ਼ ਕਰਾਉਣ ਵਿਚ ਬੜੀ ਸਹਾਇਤਾ ਮਿਲੇਗੀ। ਅੱਜ ਰੂਸ, ਜਰਮਨੀ ਤੇ ਅਮਰੀਕਾ ਦੇ ਵਿਦਵਾਨ ਪੰਜਾਬੀ ਵਿਚ ਵੱਧ ਤੋਂ ਵੱਧ ਰੁਚੀ ਦਿਖਾ ਰਹੇ ਹਨ। ਉਨ੍ਹਾਂ ਵਿਚੋਂ ਕਈ ਸੰਸਕ੍ਰਿਤ ਤੇ ਪ੍ਰਾਕ੍ਰਿਤ ਜਾਣਦੇ ਹਨ। ਉਨ੍ਹਾਂ ਨੂੰ ਕੁਝ ਮੋਟੇ-ਮੋਟੇ ਨਿਯਮ ਸਿਖਾ ਦਈਏ, ਤਾਂ ਉਹ ਅਨਾਯਾਸ ਹੀ—ਬਿਨਾ ਕਠਿਨਾਈ ਦੇ—ਪੰਜਾਬੀ ਸਿੱਖ ਸਕਦੇ ਹਨ।

(੨) ਦੂਜਾ ਲਾਭ

ਪੰਜਾਬੀ ਬੋਲਣ ਵਾਲੇ ਥੋੜੇ ਜਹੇ ਕਸ਼ਟ ਨਾਲ ਪ੍ਰਾਕ੍ਰਿਤ ਸਿੱਖ ਸਕਣਗੇ।

(੩) ਤੀਜਾ ਲਾਭ

ਸੰਸਕ੍ਰਿਤ ਦਾ ਸਿੱਖਣਾ ਬੜਾ ਸੌਖਾ ਹੋ ਜਾਏਗਾ। ਜਿਨ੍ਹਾਂ ਨਿਯਮਾਂ ਨਾਲ ਸੰਸਕ੍ਰਿਤ ਤੋਂ ਪ੍ਰਾਕ੍ਰਿਤ ਤ ਪੰਜਾਬੀ ਕੱਢੀਆਂ ਜਾ ਸਕਦੀਆਂ ਹਨ, ਉਨ੍ਹਾਂ ਨੂੰ ਸੋਚ, ਸਮਝ ਤੇ ਜੁਗਤ-ਨਾਲ ਉਲਟਾ ਕਰਕੇ ਅਸੀਂ ਪ੍ਰਾਕ੍ਰਿਤ ਪੰਜਾਬੀ ਨੂੰ ਹੀ ਸੰਸਕ੍ਰਿਤ ਵਿਚ ਪਲਟ ਸਕਦੇ ਹਾਂ। ਵਿਆਕਰਣ ਦੇ ਨਾਲ ਨਾਲ ਉਲਥਾ ਕਰਨ ਦੇ ਇਹ ਨਿਯਮ ਸੰਸਕ੍ਰਿਤ ਦਾ ਸਿੱਖਣਾ ਬਹੁਤ ਹੀ ਸਰਲ ਬਣਾ ਦੇਣਗੇ।

(੪) ਚੌਥਾ ਲਾਭ

ਪੰਜਾਬੀ, ਪ੍ਰਾਕ੍ਰਿਤ ਤੇ ਸੰਸਕ੍ਰਿਤ ਦੇ ਕੁਝ ਔਖੇ ਸ਼ਬਦਾਂ ਦੇ ਅਰਥਾਂ ਦਾ ਪਤਾ ਲਗਾਉਣ ਵਿਚ ਇਕ ਦੂਜੇ ਦੀ ਤੁਲਨਾ ਨਾਲ ਸਹਾਇਤਾ ਮਿਲੇਗੀ।

ਸੰਸਕ੍ਰਿਤ ਨਾਲ ਇਸ ਵੇਲੇ ਜਿੰਨਾ ਨੇੜੇ ਦਾ ਸੰਬੰਧ ਪੰਜਾਬੀ ਦਾ ਹੈ, ਉਨਾ ਸੰਸਾਰ ਦੀ ਕਿਸੇ ਹੋਰ ਭਾਸ਼ਾ ਦਾ ਨਹੀਂ। ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦੀ ਕੁੰਜੀ ਪੰਜਾਬੀ ਹੈ। ਇਨ੍ਹਾਂ ਦੇ ਛੋਟੇ ਛੋਟੇ ਗੁਟਕੇ ਇਸ ਲੇਖ ਵਿਚ ਦਿਖਾਏ ਹੋਏ ਢੰਗ ਤੇ, ਅੰਗ੍ਰੇਜ਼ੀ, ਰੂਸੀ ਅਤੇ ਜਰਮਨ ਵਿਚ ਛਪਾ ਕੇ ਉਨ੍ਹਾਂ ਵਿਦੇਸ਼ੀ ਖੋਜੀਆਂ ਦੇ ਪ੍ਰਯੋਗ ਲਈ ਤਿਆਰ ਕੀਤੇ ਜਾਣੇ ਚਾਹੀਦੇ ਹਨ, ਜਿਹੜੇ ਸੰਸਕ੍ਰਿਤ ਦੇ ਅਧਿਐਨ ਵਿਚ ਲਗੇ ਹੋਏ ਹਨ। ਸੰਸਾਰ ਦੀਆਂ ਕਿਸੇ ਵੀ ਹੋਰ ਦੋ ਭਾਸ਼ਾਵਾਂ ਨੂੰ ਇੰਨੇ ਪੱਕੇ ਨਿਯਮਾਂ ਦੁਆਰਾ ਇਕ ਦੂਜੀ ਵਿਚ ਪਲਟਿਆ ਨਹੀਂ ਜਾ ਸਕਦਾ ਜਿਸ ਤਰ੍ਹਾਂ ਸੰਸਕ੍ਰਿਤ ਨੂੰ ਪੰਜਾਬੀ ਵਿਚ, ਜਾਂ ਇਸ ਦੇ ਵਿਪਰੀਤ। ਇਟਾਲੀਅਨ ਲੈਟਿਨ ਤੋਂ ਬਣੀ ਹੈ ਪਰ ਦੋਹਾਂ ਵਿਚ ਫ਼ਰਕ ਪੰਜਾਬੀ ਅਤੇ ਸੰਸਕ੍ਰਿਤ ਦੇ ਫ਼ਰਕ ਨਾਲੋਂ ਵੱਧ ਹੈ।

ਕਈ ਲੋਕ ਆਧੁਨਿਕ ਹਿੰਦੀ ਤੇ ਬੰਗਾਲੀ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦੀ ਪ੍ਰਚੁਰਤਾ

ਵੇਖ ਕੇ ਸਮਝ ਬੈਠਦੇ ਹਨ ਕਿ ਉਹ ਸੰਸਕ੍ਰਿਤ ਦੇ ਵੱਧ ਨੇੜੇ ਹਨ। ਭਾਸ਼ਾਵਾਂ ਦੀ ਪਰਸਪਰ ਨਿਕਟਤਾ ਸ਼ਬਦਾਂ ਤੇ ਵਾਕਾਂ ਦੀ ਰਚਨਾ ਦੇ ਨਿਯਮਾਂ ਤੋਂ ਮਾਣੀ ਜਾਂਦੀ ਹੈ, ਨਾ ਕਿ ਉਧਾਰੇ ਲਏ ਹੋਏ ਸ਼ਬਦਾਂ ਤੋਂ। ਅਪਭ੍ਰੰਸ਼ ਦੀ ਅਵਸਥਾ ਵਿਚੋਂ ਨਿਕਲਣ ਤੋਂ ਬਾਦ, ਜਦ ਅਰਬੀ, ਤੁਰਕੀ ਆਦਿ ਨੇ ਭਾਰਤੀ ਬੋਲੀਆਂ ਨੂੰ ਭਰਨਾ ਆਰੰਭ ਕੀਤਾ, ਤਾਂ ਸੰਸਕ੍ਰਿਤ ਦੇ ਵੀ ਅਨੇਕ ਸ਼ਬਦ ਸ਼ੁੱਧ ਰੂਪ ਵਿਚ ਮੁੜ ਕੇ ਲੋਕਾਂ ਦੇ ਮੂੰਹ ਤੇ ਚੜ੍ਹ ਗਏ। ਇਸ ਯੁਗ ਨੂੰ ਅਸੀਂ 'ਪੁਨਰੁੱਥਾਨ' ਜਾਂ 'ਮੁੜ-ਉਠਾਨ' ਦਾ ਯੁਗ ਆਖਦੇ ਹਾਂ। ਧਰ+ਮ, ਚੰਦ੍ਰ, ਸੂਰ+ਯ, ਕਰ+ਮ, ਹਸ+ਤ, ਮਾਸ, ਖੰਡ੍ਰ ਆਦਿ ਸੈਂਕੜੇ ਸ਼ਬਦ, ਜਿਨ੍ਹਾਂ ਨਾਲ ਹਿੰਦੀ, ਬੰਗਾਲੀ, ਮਰਾਠੀ ਆਦਿ ਭਰਪੂਰ ਹਨ, ਪੁਨਰੁੱਥਾਨ ਤੋਂ ਬਾਦ ਆਏ ਹਨ। ਅਤੇ ਸਾਨੂੰ ਇਸ ਗੱਲ ਵਿਚ ਕੋਈ ਆਪੱਤੀ ਨਹੀਂ ਸਗੋਂ ਪ੍ਰਸੰਨਤਾ ਹੈ। ਪਰ ਮੌਲਕ ਬਣਤਰ-ਕਿਰਿਆਵਾਂ, ਕਾਰਕਾਂ ਅਤੇ ਕਿਰਿਆ ਵਿਸ਼ੇਸ਼ਣਾਂ—ਦੀ ਦ੍ਰਿਸ਼ਟੀ ਨਾਲ ਉਹ ਭਾਸ਼ਾਵਾਂ ਸੰਸਕ੍ਰਿਤ ਤੋਂ ਦੂਰ ਹਨ, ਪੰਜਾਬੀ ਨੇੜੇ ਹੈ। ਜੇ ਪੰਜਾਬੀ ਵੀ ਉਹ ਸੰਸਕ੍ਰਿਤ ਤਤਸਮ ਸ਼ਬਦ ਅਪਣਾ ਲਵੇ, ਤਾਂ ਉਹ ਸੰਸਕ੍ਰਿਤ ਦੇ ਉਨ੍ਹਾਂ ਵਿਚੋਂ ਸਭ ਤੋਂ ਵੱਧ ਨਿਕਟ ਪੁੱਜ ਜਾਏਗੀ ਅਤੇ ਉਹ ਦਿਨ ਦੂਰ ਨਹੀਂ ਜੇ।

ਕੁਝ ਦਿਨ ਹੋਏ ਪਾਕਿਸਤਾਨ ਦੇ ਪ੍ਰਸਿੱਧ ਈਸਾਈ ਨੇਤਾ ਸ੍ਰੀ ਜੋਸੂਆ ਫ਼ਜ਼ਲ ਦੀਨ ਜੀ ਦਾ ਇਕ ਲੇਖ "ਪੰਜਾਬੀ ਦੀ ਪ੍ਰਾਚੀਨਤਾ" ਬਾਰੇ ਪਤ੍ਰਿਕਾਵਾਂ ਵਿਚ ਛਪਿਆ ਸੀ, ਜਿਸ ਨੂੰ ਪੜ੍ਹ ਕੇ ਹਰ ਪੰਜਾਬੀ ਦਾ ਚਿੱਤ ਖਿੜ ਉਠਿਆ ਹੋਵੇਗਾ। ਸਾਡੇ ਮਨ ਦੇ ਭਾਵਾਂ ਨੂੰ ਜਿਸ ਸੋਹਣੀ ਤੇ ਸੁਚਿਆਈ ਤਰ੍ਹਾਂ ਨਾਲ ਉਨ੍ਹਾਂ ਪ੍ਰਗਟ ਕੀਤਾ ਹੈ ਅਸੀਂ ਨਹੀਂ ਕਰ ਸਕਦੇ। ਉਨ੍ਹਾਂ ਦਾ ਸੁਆਦ ਉਨ੍ਹਾਂ ਦੇ ਆਪਣੇ ਸ਼ਬਦਾਂ ਦੁਆਰਾ ਹੀ ਆ ਸਕਦਾ ਹੈ। ਇਸ ਲੇਖ ਦੀ ਸਮਾਪਤੀ ਲਈ ਉਨ੍ਹਾਂ ਤੋਂ ਵੱਧ ਉਪਯੁਕਤ ਸ਼ਬਦ ਲੱਭ ਨਹੀਂ ਸਕਦੇ। ਅਤੇ ਅਸੀਂ ਉਨ੍ਹਾਂ ਨਾਲ ਹੀ ਆਪਣੇ ਕਥਨ ਦਾ ਅੰਤ ਕਰਦੇ ਹਾਂ। ਸ੍ਰੀ ਜੋਸੂਆ ਫ਼ਜ਼ਲ ਦੀਨ ਜੀ ਫ਼ਰਮਾਂਦੇ ਹਨ :

"ਪੰਜਾਬੀ ਵਾਸਤਵ ਵਿਚ ਸੰਸਕ੍ਰਿਤ ਹੀ ਹੈ, ਜਿਹੜੀ ਕਾਲ ਦੀ ਚੱਕੀ ਵਿਚ ਪਿਸ ਕੇ, ਤੇ ਵਿਕਾਸ ਦੇ ਚੱਕਰ ਵਿਚੋਂ ਲੰਘ ਕੇ, ਬੀਸਵੀਂ ਸਦੀ ਵਿਚ ਫੇਰ ਉਠ ਖੜੀ ਹੋਈ ਹੈ।"

"Punjabi is indeed the Sanskrit as it has emerged from the tread mill of time and evolution in the twentieth century."

[Spokes man; October 12, 1959]

ਗੱਲ ਵੀ ਠੀਕ ਹੈ। ਜਦ ਗ੍ਰੀਕ ਦੀ ਵਰਤਮਾਨ ਸ਼ੈਲੀ 'ਆਧੁਨਿਕ ਗ੍ਰੀਕ' ਅਤੇ ਤਮਿਲ ਦੀ ਵਰਤਮਾਨ ਸ਼ੈਲੀ 'ਆਧੁਨਿਕ ਤਮਿਲ' ਕਹਾ ਸਕਦੀ ਹੈ, ਤਾਂ ਸੰਸਕ੍ਰਿਤ ਦੀ ਵਰਤਮਾਨ ਉੱਤਰਾ-ਧਿਕਾਰਿਣੀ-ਪੰਜਾਬੀ-'ਆਧੁਨਿਕ ਸੰਸਕ੍ਰਿਤ' ਕਿਉਂ ਨਾ ਕਹਾਵੇ। ਜੋਸੂਆ ਸਾਹਿਬ ਇਕ ਬਹੁਤ ਬੜਾ ਸੱਚ ਕਹਿ ਗਏ ਹਨ। ਪੰਜਾਬੀ ਦੇ ਪ੍ਰੇਮ ਨੇ ਭਾਰਤ-ਪਾਕਿਸਤਾਨ, ਹਿੰਦੂ-ਮੁਸਲਮਾਨ ਅਤੇ ਸਿੱਖ-

ਵਿਸਾਖੀ ਦੀ ਭਾਵਨਾਂ ਨੂੰ ਵੀ ਪਿੱਛੇ ਪਾ ਕੇ, ਸਭ ਨੂੰ ਪ੍ਰੀਤ ਦੇ ਸੂਤ੍ਰ ਵਿਚ ਪਰੋ ਦਿਤਾ ਹੈ। ਕੀ ਕੋਈ ਪੰਜਾਬੀ ਐਸਾ ਬੇਦਿਲ ਹੋ ਸਕਦਾ ਹੈ, ਕਿ-ਜਿਹੜਾ ਪਿਆਰ ਦੀ ਇਸ ਪਵਿਤ੍ਰ ਲੜੀ ਨੂੰ, ਜਿਹਦੇ ਨਾਲ ਸਾਡਾ ਵਰਤਮਾਨ ਸਾਡੇ ਉਜੱਲ ਅਤੀਤ ਨਾਲ ਬੱਝਾ ਹੋਇਆ ਹੈ, ਕਮਜ਼ੋਰ ਹੋਣ ਦੇਵੇ ਨਹੀਂ, ਕੋਈ ਨਹੀਂ।

ਪੜ੍ਹੀਆਂ ਪੁਸਤਕਾਂ ਦੀ ਸੂਚੀ

(੧) ਪਾਲੀ ਪ੍ਰਬੋਧ : ਲੇਖਕ : ਪੰਡਿਤ ਆਦਿਆ ਦਤ ਠਾਕੁਰ
ਪ੍ਰਕਾਸ਼ਕ : ਗੰਗਾ ਪੁਸਤਕ ਮਾਲਾ, ਕਾਰਯਾਲਯ, ਲਖਨਊ।

(੨) ਮਹਾਵੀਰ ਵਾਣੀ : ਲੇਖਕ : ਬੇਚਰ ਦਾਸ ਦੋਸ਼ੀ
ਪ੍ਰਕਾਸ਼ਕ : ਸਸਤਾ ਸਾਹਿਤਿਅ ਮੰਦਿਰ, ਨਈ ਦਿੱਲੀ।

(੩) ਅਭਿਗਿਆਨ ਸ਼ਾਕੁੰਤਲਮ :
ਲੇਖਕ : ਮਹਾਕਵਿ ਕਾਲੀ ਦਾਸ
ਪ੍ਰਕਾਸ਼ਕ : ਨਿਰਣਯ ਸਾਗਰ ਪ੍ਰੈਸ, ਬੰਬਈ

(੪) ਛੰਦ ਮਾਲਾ : ਲੇਖਕ : ਦਿਙਨਾਗ ਆਚਾਰਿਅ
ਸੰਪਾਦਕ : ਡਾ: ਕੈਲਾਸ਼ ਨਾਥ ਭਟਨਾਗਰ
ਪ੍ਰਕਾਸ਼ਕ : ਸਰਸਵਤੀ ਭਵਨ ਰਾਮਜਸ ਰੋਡ, ਨਈ ਦਿੱਲੀ-੫
(ਪਹਿਲਾ ਸੰਸਕਰਣ : ੧੯੫੫)

(੫) ਮੇਘਦੂਤ : ਲੇਖਕ ਮਹਾਕਵਿ ਕਾਲੀ ਦਾਸ
ਪ੍ਰਕਾਸ਼ਕ : ਸਾਹਿਤਿਅ ਅਕਾਦਮੀ, ਨਈ ਦਿੱਲੀ

(੬) ਸਰਲ ਬੰਗਲਾ ਸ਼ਿਕਸ਼ਾ :
ਲੇਖਕ : ਸ੍ਰੀ ਗੋਪਾਲ ਚੰਦ੍ਰ ਚਕ੍ਰਵਰਤੀ
ਪ੍ਰਕਾਸ਼ਕ : ਸਵਯੰਜਾਤਿ ਪ੍ਰੈਸ ਪੁਸਤਕਾਜਯ,
ਕਾਸ਼ੀ (ਸਨ ੧੯੨੬)

(੭) ਸਵਪਨ ਵਾਸਵ ਦੱਤਾ : ਲੇਖਕ : ਭਾਸ ਕਵਿ

ਛਾਪਕ :

ਹਿਮਾਲੀਆ ਪ੍ਰੈਸ, ਸੈਕਟਰ ੩੦,

ਚੰਡੀਗੜ੍ਹ ।